ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ

## ਪੱਤਰ

ਲੜੀ/ਅੰਕ ਨੰ: 17/10 ਅਕਤੂਬਰ 2016 – ਨਾਨਕਸ਼ਾਹੀ ਅੱਸੂ-ਕੱਤਕ ੫੪੮

## ਇਤਿਹਾਸਿਕ ਦਿਹਾੜੇ

### ਅਕਤੂਬਰ ਅਤੇ ਨਵੰਬਰ 2016

| | | |
|---|---|---|
| ਪ੍ਰਕਾਸ਼ ਸ੍ਰੀ ਗੁਰੂ ਰਾਮਦਾਸ ਜੀ | ੨ ਕੱਤਕ | (17-10-16) |
| ਜਨਮ ਬਾਬਾ ਬੁੱਢਾ ਜੀ (ਕੱਥੂਨੰਗਲ) | ੭ ਕੱਤਕ | (22-10-16) |
| ਜੋਤੀ-ਜੋਤਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੯ ਕੱਤਕ | (24-10-16) |
| ਗੁਰਗੱਦੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੯ ਕੱਤਕ | (24-10-16) |
| ਸਾਕਾ ਪੰਜਾ ਸਾਹਿਬ | ੧੪ ਕੱਤਕ | (29-10-16) |
| ਬੰਦੀ ਛੋੜ ਦਿਵਸ (ਦੀਵਾਲੀ) | ੧੫ ਕੱਤਕ | (30-10-16) |
| ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੧੭ ਕੱਤਕ | (01-11-16) |
| ਜੋਤੀ-ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ੨੧ ਕੱਤਕ | (05-11-16) |
| ਜਨਮ ਭਗਤ ਨਾਮਦੇਵ ਜੀ | ੨੭ ਕੱਤਕ | (11-11-16) |
| ਪ੍ਰਕਾਸ਼ ਸ੍ਰੀ ਗੁਰੂ ਨਾਨਕ ਦੇਵ ਜੀ | ੩੦ ਕੱਤਕ | (14-11-16) |
| ਸ਼ਹੀਦੀ ਬਾਬਾ ਦੀਪ ਸਿੰਘ ਜੀ ਸ਼ਹੀਦ | ੩੦ ਕੱਤਕ | (14-11-16) |

www.gurmatparsar.com

## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਕਤਿਕਿ ਕਰਮ ਕਮਾਵਣੇ .........॥ (ਜੀਵਨ - ਜੁਗਤਿ)

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥੯॥

ਮਾਝ ਬਾਰਹਮਾਹਾ (ਮਃ ੫) - ਅੰਗ ੧੩੫

**ਪਦ ਅਰਥ** :- ਕਤਿਕਿ-ਕੱਤਕ (ਦੀ ਠੰਢੀ ਬਹਾਰ) ਵਿਚ । ਕਾਹੂ ਜੋਗੁ-ਕਿਸੇ ਦੇ ਜਿਮੇ, ਕਿਸੇ ਦੇ ਮੱਥੇ । ਵਿਆਪਨ੍ਹਿ-ਜੋਰ ਪਾ ਲੈਂਦੇ ਹਨ । ਰਾਮ ਤੇ-ਰੱਬ ਤੋਂ । ਲਗਨ੍ਹਿ-ਲੱਗ ਜਾਂਦੇ ਹਨ । ਜਨਮ ਵਿਜੋਗ-ਜਨਮਾਂ ਦੇ ਵਿਛੋੜੇ, ਲੰਮੇ ਵਿਛੋੜੇ । ਮਾਇਆ ਭੋਗ-ਮਾਇਆ ਦੀਆਂ ਮੌਜਾਂ, ਦੁਨੀਆਂ ਦੇ ਐਸ਼ । ਵਿਚੁ-ਵਿਚੋਲਾ ਪਨ । ਕਿਸ ਥੈ-(ਹੋਰ) ਕਿਸ ਕੋਲ ? ਰੋਜ਼-ਨਿਤ, ਹਰ ਰੋਜ਼ । ਕੀਤਾ-ਆਪਣਾ ਕੀਤਾ । ਧੁਰਿ-ਧੁਰ ਤੋਂ, ਪ੍ਰਭੂ ਦੀ ਹਜ਼ੂਰੀ ਤੋਂ । ਸਭਿ-ਸਾਰੇ । ਬਿਓਗ-ਵਿਛੋੜੇ ਦੇ ਦੁੱਖ । ਕਉ-ਨੂੰ ਪ੍ਰਭੂ-ਹੇ ਪ੍ਰਭੂ ! ਬੰਦੀ ਮੋਚ-ਹੇ ਕੈਦ ਤੋਂ ਛੁਡਾਣ ਵਾਲੇ ! ਬਿਨਸਹਿ-ਨਾਸ ਹੋ ਜਾਂਦੇ ਹਨ । ਸੋਚ ਫਿਕਰ ।

**ਅਰਥ**:- ਕੱਤਕ (ਦੀ ਸੁਹਾਵਣੀ ਰੁੱਤ) ਵਿਚ (ਭੀ ਜੇ ਪ੍ਰਭੂ-ਪਤੀ ਨਾਲੋਂ ਵਿਛੋੜਾ ਰਿਹਾ ਤਾਂ ਇਹ ਆਪਣੇ) ਕੀਤੇ ਕਰਮਾਂ ਦਾ ਸਿੱਟਾ ਹੈ; ਕਿਸੇ ਹੋਰ ਦੇ ਮੱਥੇ ਕੋਈ ਦੋਸ਼ ਨਹੀਂ ਲਾਇਆ ਜਾ ਸਕਦਾ । ਪਰਮੇਸ਼ਰ (ਦੀ ਯਾਦ) ਤੋਂ ਖੁੰਝਿਆਂ (ਦੁਨੀਆਂ ਦੇ) ਸਾਰੇ ਦੁੱਖ-ਕਲੇਸ਼ ਜ਼ੋਰ ਪਾ ਲੇਂਦੇ ਹਨ । ਜਿੰਨ੍ਹਾਂ ਨੇ (ਇਸ ਜਨਮ ਵਿੱਚ) ਪਰਮਾਤਮ ਦੀ ਯਾਦ) ਵਲੋਂ ਮੂੰਹ ਮੋੜੀ ਰੱਖਿਆ; ਉਹਨਾਂ ਨੂੰ (ਫਿਰ) ਲੰਮੇ ਵਿਛੋੜੇ ਪੈ ਜਾਂਦੇ ਹਨ ਜੇਹੜੀਆਂ ਮਾਇਆ ਦੀਆਂ ਮੌਜਾਂ (ਦੀ ਖ਼ਾਤਰ ਪ੍ਰਭੂ ਨੂੰ ਭੁਲਾ ਦਿੱਤਾ ਸੀ, ਉਹ ਭੀ) ਇਕ ਪਲ ਵਿੱਚ ਦੁਖਦਾਈ ਹੋ ਜਾਂਦੀਆਂ ਹਨ, (ਉਸ ਦੁੱਖੀ ਹਾਲਤ ਵਿੱਚ) ਕਿਸੇ ਪਾਸ ਭੀ ਨਿੱਤ ਰੋਣੇ ਰੋਣ ਦਾ ਕੋਈ ਲਾਭ ਨਹੀਂ ਹੁੰਦਾ, (ਕਿਉਂਕਿ ਦੁੱਖ ਤਾਂ ਹੈ ਵਿਛੋੜੇ ਦੇ ਕਾਰਨ, ਦੇ ਵਿਛੋੜੇ ਨੂੰ ਦੂਰ ਕਰਨ ਲਈ) ਕੋਈ ਵਿਚੋਲਾ-ਪਨ ਨਹੀਂ ਕਰ ਸਕਦਾ । (ਦੁਖੀ ਜੀਵ ਦੀ ਆਪਣੀ) ਕੋਈ ਪੇਸ਼ ਨਹੀਂ ਜਾਂਦੀ, (ਪਿਛਲੇ ਕੀਤੇ ਕਰਮਾਂ ਅਨੁਸਾਰ) ਧੁਰੋਂ ਹੀ ਲਿਖੇ ਲੇਖਾਂ ਦੀ ਬਿਧ ਆ ਬਣਦੀ ਹੈ । (ਹਾਂ !) ਜੇ ਚੰਗੇ ਭਾਗਾਂ ਨੂੰ ਪ੍ਰਭੂ (ਆਪ) ਆ ਮਿਲੇ, ਤਾਂ ਵਿਛੋੜੇ ਤੋਂ ਪੈਦਾ ਹੋਏ ਸਾਰੇ ਦੁੱਖ ਮਿਟ ਜਾਂਦੇ ਹਨ ।

ਨਾਨਕ ਦੀ ਤਾਂ ਇਹੀ ਬੇਨਤੀ ਹੈ-) ਹੇ ਮਾਇਆ ਦੇ ਬੰਧਨਾਂ ਤੋਂ ਛੁਡਾਵਣ ਵਾਲੇ ਮੇਰੇ ਮਾਲਕ ! ਨਾਨਕ ਨੂੰ (ਮਾਇਆ ਦੇ ਮੋਹ ਤੋਂ) ਬਚਾ ਲੈ ।ਕੱਤਕ (ਦੀ ਸੁਆਦਲੀ ਰੁੱਤ) ਵਿੱਚ ਜਿੰਨ੍ਹਾਂ ਨੂੰ ਸਾਧ ਸੰਗਤਿ ਮਿਲ ਜਾਏ, ਉਹਨਾਂ ਦੇ (ਵਿਛੋੜੇ ਵਾਲੇ ਸਾਰੇ ਚਿੰਤਾਂ-ਖੋਰੇ ਮੁੱਕ ਜਾਂਦੇ ਹਨ ।੯।

# ਰਬੀ ਨੂਰ ਗੁਰਬਾਣੀ

ਸਰੂਪ ਸਿੰਘ ਅਲੱਗ

ਆਧੁਨਿਕ ਵਿਗਿਆਨਕ ਸੋਚ ਤੇ ਖੋਜ ਨੇ ਮਨੁੱਖੀ ਜੀਵਨ ਨੂੰ ਸੁਖਾਲਾ ਤੇ ਅਰਾਮਦੇਹ ਬਣਾਉਣ ਲਈ ਬੜੀਆਂ ਹੈਰਾਨ ਕਰਨ ਵਾਲੀਆਂ ਪ੍ਰਾਪਤੀਆਂ ਤੇ ਅਵਸ਼ਕਾਰ ਕੀਤੇ ਹਨ। ਇਤਨਾ ਕੁਝ ਹੋ ਜਾਣ ਦੇ ਬਾਵਜੂਦ ਵੀ ਪਰਮਾਣੂ ਸ਼ਕਤੀ ਦਾ ਭਰਵਾਂ ਪ੍ਰਯੋਗ ਅਤੇ ਅਣਗਿਣਤ ਬਿਜਲੀ ਘਰ, ਮਨੁੱਖੀ ਮਨ ਦਾ ਹਨੇਰਾ ਦੂਰ ਕਰਕੇ ਉਸ ਨੂੰ ਪਰਕਾਸ਼ਮਾਨ ਕਰਨ ਵਿੱਚ ਅਸਫਲ ਰਹੇ ਹਨ। ਆਤਮਿਕ ਪਰਕਾਸ਼ ਦਾ ਇਹ ਮਹਤਵਪੂਰਨ ਕਾਰਜ ਕੇਵਲ ਤੇ ਕੇਵਲ ਗੁਰਬਾਣੀ ਅਤੇ ਗੁਰੂ ਦੇ ਬਚਨਾਂ ਦੁਆਰਾ ਹੀ ਸੰਭਵ ਹੋ ਸਕਦਾ ਹੈ ਕਿਉਂਕਿ ਗੁਰਬਾਣੀ ਹੀ ਵਿਸ਼ਵ ਵਿੱਚ ਰਬੀ ਨੂਰ ਹੈ। ਇਹ ਨੂਰ ਪ੍ਰਮਾਤਮਾ ਦੀ ਕਿਰਪਾ ਦੁਆਰਾ ਹੀ ਮਾਨਵੀ ਮਨ ਵਿੱਚ ਪ੍ਰਵੇਸ਼ ਕਰਦਾ ਹੈ। ਨਾਮ ਜਿਵੇਂ ਕਿ ਇਸ ਬਾਰੇ ਗੁਰੂ ਸਾਹਿਬ ਫਰਮਾਉਂਦੇ ਹਨ ਸਭ ਦੁਖਾਂ ਦਾ ਦਾਰੂ ਹੈ ਜਿਨ੍ਹਾਂ ਵਿੱਚ ਅਜ ਦਾ ਮਨੁੱਖ ਗਰਸਿਆ ਹੋਇਆ ਹੈ। ਇਸ ਨਾਮ ਨਾਲ ਹੀ ਅੰਦਰ ਪਰਕਾਸ਼ ਹੁੰਦਾ ਹੈ ਤੇ ਮਨੁੱਖ ਮੁਕਤੀ ਪ੍ਰਾਪਤ ਕਰਦਾ ਹੈ।

ਸ਼ਰਲ ਅਰਥਾਂ ਵਿੱਚ ਗੁਰਬਾਣੀ ਪਵਿੱਤਰ ਸੂਝ ਹੈ, ਸਿਆਣਪ ਹੈ, ਦਾਨਾਈ ਹੈ, ਸੋਚ ਭੰਡਾਰ ਹੈ। ਇਹ ਧੁਰ ਕੇ ਜਾਂ ਇਵੇਂ ਕਹਿ ਲਵੋ ਕਿ ਇਲਾਹੀ ਸ਼ਬਦ ਹਨ। ਗੁਰੂ ਨਾਨਕ ਦੇਵ ਜੀ ਇਸ ਪ੍ਰਥਾਇ ਫ਼ਰਮਾਉਂਦੇ ਹਨ ਕਿ "**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ**" ਅਤੇ ਗੁਰੂ ਗੋਬਿੰਦ ਸਿੰਘ ਜੀ ਇਸ ਨੂੰ ਅਕਾਲਪੁਰਖ ਦਾ ਨਾਦ ਕਹਿੰਦੇ ਹਨ। ਇਹ ਬਾਣੀ ਕਿਵੇਂ ਪਰਕਾਸ਼ਮਾਨ ਹੁੰਦੀ ਹੈ ਜਾਂ ਹੋਂਦ ਵਿੱਚ ਆਉਂਦੀ ਹੈ ਇਹ ਤਾਂ ਸਤਿਗੁਰੂ ਆਪ ਹੀ ਜਾਣਦੇ ਹਨ ਕਿਉਂਕਿ ਇਹ ਇਲਾਹੀ ਸ਼ਬਦ ਆਪ ਮੁਹਾਰੇ ਸਿਧੇ ਅਕਾਲਪੁਰਖ ਤੋਂ ਪ੍ਰਗਟ ਹੁੰਦੇ ਹਨ। ਗੁਰੂ ਨਾਨਕ ਪਾਤਸ਼ਾਹ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਉਕਤ ਕਥਨਾਂ ਤੋਂ ਇਹੀ ਪ੍ਰਗਟਾਵਾ ਹੁੰਦਾ ਹੈ। ਇਸੇ ਕਾਰਨ ਕਰ ਕੇ ਸਾਰੇ ਗੁਰੂ ਸਾਹਿਬਾਨ ਨੇ ਗੁਰਬਾਣੀ ਰਚਣ ਲਗਿਆ ਆਪਣੇ ਨਿਜੀ ਨਾਵਾਂ ਨੂੰ ਨਹੀਂ ਵਰਤਿਆ ਹੈ ਅਤੇ ਕਿਸੇ ਨੂੰ ਇਹ ਖੁਲ੍ਹ ਵੀ ਨਹੀਂ ਦਿੱਤੀ ਗਈ ਕਿ ਇਸ ਬਾਣੀ ਵਿਚੋਂ ਕਿਸੇ ਸ਼ਬਦ ਨੂੰ ਕਿਸੇ ਵੀ ਰੂਪ ਵਿੱਚ ਬਦਲਿਆ ਜਾ ਸਕੇ। ਸਾਨੂੰ ਪਤਾ ਹੀ ਹੈ ਕਿ ਸਤਵੇਂ ਸਤਿਗੁਰੂ, ਗੁਰੂ ਹਰਿ ਰਾਇ ਸਾਹਿਬ ਨੇ ਆਪਣੇ ਸਕੇ ਪੁਤਰ ਰਾਮ ਰਾਇ ਨੂੰ ਇਸ ਕਰ ਕੇ ਮੂੰਹ ਨਹੀਂ ਲਗਾਇਆ ਸਗੋਂ ਧਰਮ ਵਿਚੋਂ ਛੇਕ ਦਿੱਤਾ ਕਿਉਂਕਿ ਉਸ ਨੇ ਵਕਤ ਦੇ ਹਾਕਮ ਨੂੰ ਖੁਸ਼ ਕਰਨ ਲਈ ਇਸ ਪਵਿੱਤਰ ਇਲਾਹੀ ਬਾਣੀ ਵਿਚੋਂ ਕੇਵਲ ਇੱਕ ਨਿਕੇ ਜਹੇ ਸ਼ਬਦ 'ਮੁਸਲਮਾਨ' ਨੂੰ 'ਬੇਈਮਾਨ' ਵਿੱਚ ਬਦਲਣ ਦੇ ਯਤਨ ਕੀਤੇ ਸਨ। ਇਹ ਵੀ ਠੀਕ ਹੈ ਕਿ ਵਿਸ਼ਵ ਦੇ ਵਿਦਵਾਨਾਂ ਤੇ ਬੁਧੀਜੀਵੀਆਂ ਨੇ ਗੁਰਬਾਣੀ ਦੇ ਅਰਥ ਆਪਣੀ ਆਪਣੀ ਵਿਦਵਤਾ ਅਨੁਸਾਰ ਕਰਨ ਦੇ ਭਰਭੂਰ ਯਤਨ ਕੀਤੇ ਹਨ ਪਰ ਇਸ ਗਲ ਨੂੰ ਉਹ ਖੁਦ ਮੰਨਦੇ ਹਨ ਕਿ ਉਹ ਇਹ ਗਲ ਪੂਰੇ ਵਿਸ਼ਵਾਸ਼ ਨਾਲ ਨਹੀਂ ਕਹਿ ਸਕਦੇ ਕਿ ਜੋ ਅਰਥ ਉਨ੍ਹਾਂ ਨੇ ਕੀਤੇ ਹਨ ਉਹ ਹੀ ਅਰਥਾਂ ਦੀ ਭਾਵਨਾ ਗੁਰੂ ਸਾਹਿਬਾਨ ਜਾਂ ਉਨ੍ਹਾਂ ਮਹਾਂਪੁਰਸ਼ਾਂ ਦੀ ਵੀ ਹੋਵੇਗੀ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਸਚ ਤਾਂ ਇਹ ਹੈ ਕਿ ਬਾਣੀ ਦੇ ਅਰਥਾਂ ਦੀ ਸੰਪੂਰਣਤਾ ਤੇ ਸਾਰਥਾ ਉਹ ਹੀ ਜਾਣਨ ਜਿਨ੍ਹਾਂ ਨੇ ਇਸ ਬਾਣੀ ਨੂੰ ਕਲਮਬੰਦ ਕੀਤਾ ਹੈ ਜਾਂ ਉਹ ਕਰਤਾਰ ਹੀ ਜਾਣੇ ਜਿਸ ਦੀ ਅਪਾਰ ਕ੍ਰਿਪਾ ਸਦਕਾ ਇਹ ਵਿਦਮਾਨ ਹੋਈ ਹੈ।

ਗੁਰੂ ਅਰਜਨ ਸਚੇ ਪਾਤਸ਼ਾਹ ਨੂੰ ਵੀ ਉਨ੍ਹਾਂ ਦੇ ਸ਼ਰਧਾਲੂ ਸਿੱਖਾਂ ਵਲੋਂ ਅਪੀਲ ਕੀਤੀ ਗਈ ਸੀ ਕਿ ਉਹ ਕਿਰਪਾ ਕਰਕੇ ਇਸ ਇਲਾਹੀ ਬਾਣੀ ਦਾ ਪਰਮਾਣਕ ਟੀਕਾ ਵੀ ਬਖਸ਼ਸ਼ ਕਰ ਦੇਣ ਪਰ ਸਤਿਗੁਰਾਂ ਨੇ ਇਹ ਫਰਮਾ ਕੇ ਇਸ ਲੋਚਾ ਨੂੰ ਸ਼ਾਂਤ ਕਰ ਦਿੱਤਾ ਕਿ ਇਲਾਹੀ ਬਾਣੀ ਦੇ ਅਰਥ ਸ਼ਰਧਾਲੂ ਦੀ ਰਸਨਾ ਤੇ ਹੋਣਗੇ। ਗੁਰੂ ਸਾਹਿਬ ਦਾ ਇਸ ਤੋਂ ਅਰਥ ਇਹ ਸੀ ਕਿ ਗੁਰਬਾਣੀ ਦੇ ਅਰਥ ਹਰ ਪਾਠਕ ਦੇ ਆਪਣੇ ਆਪਣੇ ਆਤਮਿਕ ਲੈਵਲ ਅਨੁਸਾਰ ਹੋਣਗੇ। ਗੁਰਬਾਣੀ ਆਤਮਿਕ ਆਨੰਦ ਪ੍ਰਦਾਨ ਕਰਨ ਦਾ ਇੱਕ ਸਦੀਵੀ ਸਰੋਤ ਹੈ ਇਸ ਲਈ ਹਰ ਕੋਈ ਆਪਣੀ ਆਪਣੀ ਸ਼ਰਧਾ ਭਾਵਨਾ ਅਨੁਸਾਰ ਅਤੇ

ਆਪਣੀ ਬਿਰਤੀ ਦੀ ਅਵਸਥਾ ਅਨੁਸਾਰ ਇਸ ਤੋਂ ਵੱਖ ਵੱਖ ਪ੍ਰਕਾਰ ਦੇ ਆਨੰਦ ਮਈ ਹੁਲਾਰੇ ਤੇ ਅਗੰਮੀ ਪ੍ਰਗਾਸ ਦੀਆਂ ਰੰਗੀਨੀਆਂ ਮਾਣ ਸਕਦਾ ਹੈ । ਗੁਰਬਾਣੀ, ਪ੍ਰੇਰਨਾ ਪ੍ਰਾਪਤ ਕਰਨ ਅਤੇ ਅਧਿਆਤਮਿਕ ਬਖਸ਼ਸ਼ਾਂ ਭੁੰਚਣ ਦਾ ਇਲਾਹੀ ਖਜ਼ਾਨਾ ਹੈ, ਵਾਦ ਵਿਵਾਦ, ਜਾਂ ਕਿਸੇ ਝਗੜੇ ਦਾ ਵਿਸ਼ਾ ਬਿਲਕੁਲ ਨਹੀਂ । ਇਲਾਹੀ ਬਾਣੀ ਮਨੁੱਖੀ ਮਨ ਦੀ ਸੋਚ ਤੋਂ ਪਰੇ ਦੀ ਗਲ ਹੈ ਅਤੇ ਇਸ ਦਾ ਸਵਾਦ ਤਾਂ ਅੰਦਰੋਂ ਹੀ ਅਨੁਭਵ ਹੁੰਦਾ ਹੈ ਜੋ ਦਸਣ ਦੇ ਯਤਨ ਕਰਨ ਤੇ ਵੀ ਦਸਿਆ ਨਹੀਂ ਜਾ ਸਕਦਾ ਇਵੇਂ ਹੀ ਜਿਵੇਂ ਗੁੰਗਾ ਵਧੀਆ ਮਠਿਆਈ ਖਾਂ ਕੇ ਅੰਦਰੋਂ ਅੰਦਰ ਪ੍ਰਸੰਨ ਤਾਂ ਹੁੰਦਾ ਹੈ ਪਰ ਉਸ ਮਠਿਆਈ ਦਾ ਸਵਾਦ ਦਸਣ ਤੋਂ ਆਪਣੇ ਆਪ ਨੂੰ ਆਰੀ ਵੀ ਮਹਿਸੂਸ ਕਰਦਾ ਹੈ ।

ਗੁਰਬਾਣੀ ਦੀ ਸਪੱਸ਼ਟਤਾ, ਦਰਿਸ਼ਟਤਾ ਦਾ ਦੂਜਾ ਸਾਧਾਰਨ ਨਾਂ 'ਸਚ' ਹੈ । ਇਸ ਸਚ ਨੂੰ ਪਹਿਚਾਣੋ ਜੋ ਹਰ ਲਿਹਾਜ਼ ਨਾਲ ਖੁਦ ਪ੍ਰਮਾਤਮਾ ਹੀ ਹੈ ਅਤੇ ਇਹ ਪ੍ਰਮਾਤਮਾ ਰੂਪੀ ਸਚ ਤੁਹਾਨੂੰ ਸੁਤੰਤਰ ਕਰ ਦੇਵੇਗਾ, ਮੁਕਤੀ ਦੇ ਦੇਵੇਗਾ । ਗੁਰਬਾਣੀ ਸੱਚ ਲਈ ਪੂਰੇ ਜ਼ੋਰ ਨਾਲ ਵਕਾਲਤ ਕਰਦੀ ਹੈ ਅਤੇ ਸਾਨੂੰ ਇਹ ਗੱਲ ਪੂਰਨ ਵਿਸ਼ਵਾਸ ਨਾਲ ਮੰਨ ਲੈਣੀ ਚਾਹੀਦੀ ਹੈ ਕਿ ਗੁਰੂਆਂ ਦੇ ਬਚਨ ਸਦੀਵ ਸਚ ਹਨ ਅਤੇ ਹਰ ਜ਼ਮਾਨੇ, ਹਰ ਯੁਗ, ਹਰ ਦੌਰ ਲਈ ਉਪਯੋਗੀ ਤੇ ਸਾਰਥਕ ਹਨ । ਇਨ੍ਹਾਂ ਬਚਨਾਂ ਵਿੱਚ ਅਕਾਲ ਉਸਤਤ ਹੈ ਅਤੇ ਉਹ ਵੱਖ ਵੱਖ ਢੰਗਾ ਵਿੱਚ ਪੇਸ਼ ਕੀਤੀ ਗਈ ਹੈ । ਇਸ ਲਈ ਗੁਰਬਾਣੀ ਦੇ ਸੰਕਲਪਾਂ ਦੀ ਵੁਕਤ, ਉਸ ਦੇ ਪਰਵਚਨਾਂ ਤੇ ਸਿਖਿਆਵਾਂ ਦੀ ਕੀਮਤ ਕਦੇ ਵੀ ਨਾ ਤਾਂ ਬਦਲੇਗੀ ਤੇ ਨਾ ਹੀ ਘਟੇਗੀ ਜਾਂ ਗ਼ੈਰ-ਜ਼ੁਰਰੀ ਬਣ ਜਾਏਗੀ । ਇਸ ਲਈ ਹਰ ਮਨੁੱਖ ਚਾਹੇ ਉਹ ਕਿਸੇ ਜ਼ਾਤ ਪਾਤ, ਧਰਮ ਕਰਮ, ਦੇਸ਼ ਦਿਸ਼ਾਂਤਰਾਂ ਤੇ ਰਹੁ-ਰੀਤੀਆਂ ਨਾਲ ਸਬੰਧਤ ਹੋਵੇ, ਗੁਰਬਾਣੀ ਸਰਵਣ ਕਰ ਕੇ, ਕੀਰਤਨ ਕਰ ਜਾਂ ਸੁਣ ਕੇ ਆਨੰਦ ਪ੍ਰਾਪਤ ਕਰ ਸਕਦਾ ਹੈ ਕਿਉਂਕਿ ਇਸ ਵਿੱਚ ਇਕੋ ਇਕ ਪ੍ਰਮਾਤਮਾ ਦੀ ਨਰੋਲ ਉਸਤਤ ਤੇ ਵਡਿਆਈ ਦਾ ਹੀ ਜ਼ਿਕਰ ਹੈ ਅਤੇ ਇਸ ਨਾਲ ਕਿਸੇ ਪ੍ਰਕਾਰ ਦਾ ਹੋਰ ਲਬ ਲਬੇੜ ਨਹੀਂ ਜੁੜਿਆ ਹੋਇਆ । ਇਸ ਨੂੰ ਪੜ੍ਹਨ ਸੁਣਨ ਲਈ ਵੀ ਕਿਸੇ ਤੋਂ ਆਗਿਆ ਲੈਣ ਦੀ ਲੋੜ ਨਹੀਂ, ਇਹ ਸਰਬ ਸਾਂਝੀ ਗੁਰਬਾਣੀ ਸਭ ਲਈ ਸਾਂਝੀ ਹੈ ਅਤੇ ਸਮੁਚੀ ਇਨਸਾਨੀ ਨਸਲ ਇਸ ਦੀ ਪਸਾਰ ਸੀਮਾ ਵਿੱਚ ਬਖ਼ੂਬੀ ਸਮਾ ਸਕਦੀ ਹੈ । ਸਿੱਖ ਸੰਗਤਾਂ ਵਿਸ਼ੇਸ਼ ਤੌਰ ਤੇ ਅਤੇ ਆਮ ਮਾਨਵੀ ਸਮਾਜ ਆਮ ਕਰ ਕੇ ਖੁਸ਼ ਕਿਸਮਤ ਹਨ ਜਿਨ੍ਹਾਂ ਨੂੰ ਇਹ 'ਧੁਰ ਕੀ ਬਾਣੀ' ਉਪਲਬਧ ਹੈ ਜਿਸ ਨੂੰ ਗੁਰੂ ਅਮਰ ਦਾਸ ਜੀ "**ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ**" (ਪੰਨਾ-515) ਕਹਿ ਕੇ ਸਤਿਕਾਰਦੇ ਹਨ । ਇਹ ਵੀ ਖੁਸ਼ੀ ਦੀ ਗੱਲ ਹੈ ਕਿ ਇਹ ਸਮੁਚੀ ਬਾਣੀ ਆਪਣੇ ਪੂਰਨ ਸ਼ੁਧ ਰੂਪ ਵਿੱਚ ਸਾਡੇ ਤੱਕ ਪਹੁੰਚੀ ਹੈ ਅਤੇ ਇਸ ਵਿੱਚ ਕਿਸੇ ਪਰਕਾਰ ਦਾ ਰਲਾ ਜਾਂ ਮਿਲਾਵਟ ਆਦਿ ਰੰਚਤ ਮਾਤਰ ਵੀ ਨਹੀਂ ਹੋ ਸਕੀ । ਇਸ ਬਾਣੀ ਵਿੱਚ ਇਹ ਸਮਰਥਾ ਹਦੋਂ ਵੱਧ ਸਮਾਈ ਹੋਈ ਹੈ ਕਿ ਇਹ ਮਨੁੱਖੀ ਚੇਤਨਾ ਨੂੰ ਪੂਰਨ ਰੂਪ ਵਿੱਚ ਬੇਦਾਰ ਕਰ ਕੇ ਉਸ ਦੀ ਆਤਮਾ ਨੂੰ ਪਰਮ ਆਤਮਾ ਵਿੱਚ ਵਲੀਨ ਕਰ ਸਕਦੀ ਹੈ ।

1. ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥

   ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥

   ਰਾਮਕਲੀ ਓਅੰਕਾਰ (ਮਃ ੧) - ਅੰਗ 935

2. ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ
   ਹਰਿ ਕੰਠਿ ਨਾਨਕ ਉਰਿ ਹਾਰੀ ਰੇ ॥੨॥੫॥੧੩੪॥ ਆਸਾ (ਮਃ ੫) - ਅੰਗ 404

   (ਜੇ ਛਿਨ ਭਰ ਬਾਣੀ ਨੂੰ ਉਚਾਰੀਏ ਤਾਂ ਗੁਰੂ ਤੱਕ ਪਹੁੰਚ ਹੋ ਜਾਂਦੀ ਹੈ ਅਤੇ ਜੇ ਸਵਾਸ ਸਵਾਸ ਜਪੀਏ ਤਾਂ ਜਮ ਨਹੀਂ ਪਹੁੰਦਾ ਤਾਂ ਵਾਹਿਗੁਰੂ ਗਲੇ ਵਿੱਚ ਤੇ ਹਿਰਦੇ ਵਿੱਚ ਹਾਰ ਵਾਂਗਰਾਂ ਪਰੋਇਆ ਰਹਿੰਦਾ ਹੈ)

3. ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ ॥
ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ
ਕਰਮਿ ਪਰਾਪਤਿ ਹੋਇ ॥੧॥ ਗੂਜਰੀ ਕੀ ਵਾਰ:੧ (ਮ: ੩)ਗੁਰੂ ਗ੍ਰੰਥ ਸਾਹਿਬ-ਅੰਗ 514

ਇਹ ਪ੍ਰਭੂ ਵਰਸੋਈ ਬਾਣੀ ਮਾਨਵ ਮਨ, ਸਰੀਰ ਤੇ ਆਤਮਾ ਨੂੰ ਪੂਰੀ ਤਰ੍ਹਾਂ ਬਦਲ ਕੇ ਰਖ ਸਕਦੀ ਹੈ । ਇਹ ਸਾਨੂੰ ਸਮਾਜਕ ਪਖੋਂ ਹੋਰ ਸਮਰਿਧ, ਆਤਮਿਕ ਪਖੋਂ ਪੁਰ ਨੂਰ ਅਤੇ ਮਾਨਸਕ ਪਖੋਂ ਤੇਜ਼ ਤੇ ਪਰਚੰਡ ਕਰ ਸਕਣ ਦੀ ਸਮਰਥਾ ਰਖਦੀ ਹੈ । ਨਿਮਰਤਾ, ਦਿਆ, ਤਰਸ, ਸਿਆਣਪ, ਨਿਡਰਤਾ, ਨਿਸ਼ਕਾਮਤਾ, ਸਬਰ, ਸਿਮਰਨ, ਸਚਿਆਈ ਤਿਆਗ, ਉਦਮਸ਼ੀਲਤਾ, ਕੁਦਰਤੀ ਪੰਨ, ਸਪੱਸ਼ਟਤਾ ਕੁਝ ਅਜਿਹੇ ਗੁਣ ਹਨ ਜਿਹੜੇ ਗੁਰਬਾਣੀ ਪ੍ਰੇਮੀ ਦੀ ਜ਼ਿੰਦਗੀ ਦਾ ਅਨਿਖੜਵਾਂ ਅੰਗ ਬਣ ਜਾਂਦੇ ਹਨ । ਨੇਕ ਤੇ ਸ਼ਾਨਦਾਰ ਜੀਵਨ ਬਤੀਤ ਕਰਨ ਲਈ ਹੋਰ ਕਿਸ ਚੀਜ਼ ਦੀ ਅਵਸ਼ਕਤਾ ਰਹਿ ਜਾਂਦੀ ਹੈ ? ਇਹ ਸਿੱਖ ਰਹੁ-ਰੀਤੀ ਤੇ ਅਧਾਰਤ ਮਾਨਵੀ ਖੂਬੀਆਂ ਕਿਸੇ ਵਿਅਕਤੀਗਤ ਮਨੁੱਖ ਜਾਂ ਪੂਰੀ ਬਰਾਦਰੀ ਦੇ ਕਲਿਆਣਕਾਰੀ ਜੀਵਨ ਲਈ ਇੱਕ ਚੰਗਾ ਅਧਾਰ ਪ੍ਰਦਾਨ ਕਰਦੀਆਂ ਹਨ, ਭਾਵੇ ਉਹ ਮਨੁੱਖ ਜਾਂ ਬਰਾਦਰੀ ਦੁਨੀਆਂ ਦੇ ਕਿਸੇ ਹਿਸੇ ਵਿੱਚ ਵੀ ਕਿਉਂ ਨਾ ਰਹਿ ਰਹੇ ਹੋਣ । ਗੁਰਬਾਣੀ ਇੱਕ ਅਜਿਹੀ ਵਰਖਾ ਹੈ ਜੋ ਸਭ ਨੂੰ ਸਰਸਬਜ਼ ਕਰਦੀ ਹੈ, ਖੁਸ਼ਹਾਲ ਬਣਾਉਂਦੀ ਹੈ ਅਤੇ ਸ਼ਾਂਤੀ, ਸ਼ਰੀਰਕ ਸੁਖ ਤੇ ਆਤਮਿਕ ਖੇੜਾ ਪਹੁੰਚਾਂਦੀ ਹੈ । ਇਸ ਲਈ ਇਸ ਦੀ ਮਿਹਰ ਤੋਂ ਵਿਹੂਣਾ ਮਨੁੱਖ ਕੀਮਤੀ ਜ਼ਿੰਦਗੀ ਨੂੰ ਵਿਅਰਥ ਗੰਵਾ ਰਿਹਾ ਹੈ ।

ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥
ਰਾਮਕਲੀ ਅਨੰਦ (ਮ: ੩) ਗੁਰੂ ਗ੍ਰੰਥ ਸਾਹਿਬ - ਅੰਗ ੯੨੦

ਧੰਨਵਾਦਿ ਸਹਿਤ ਵਿੱਚੋ:- ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ

## ਗੁਰਬਾਣੀ ਵਿੱਚ ਖਿਮਾ ਦਾ ਸੰਕਲਪ

ਡਾ. ਸਰੂਪ ਸਿੰਘ ਅਲੱਗ
ਪੀ ਐਚ ਡੀ., ਡੀ. ਲਿਟ. ਯੂ. ਐਸ. ਏ

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥ ਅੰਕ -1372

ਦਸ ਗੁਰੂ ਸਾਹਿਬਾਨ ਨੇ ਜਿਥੇ ਇੱਕ ਪਾਸੇ ਸਿੱਖ ਵਿੱਚ ਸ਼ਕਤੀ, ਬਲ, ਹਿੰਮਤ, ਦਲੇਰੀ, ਉਤਸ਼ਾਹ, ਸੇਵਾ, ਸਿਮਰਨ, ਪ੍ਰੇਮ, ਪਿਆਰ, ਭਰਾਤਰੀ ਭਾਵ ਅਤੇ ਮਿਲਣਸਾਰਤਾ ਦੇ ਗੁਣਾਂ ਦਾ ਸੰਚਾਰ ਕੀਤਾ ਹੈ ਉਥੇ ਉਸ ਦੇ ਜੀਵਨ ਨੂੰ ਵਿਸ਼ਾਲ ਤੇ ਸੰਤੁਲਤ ਬਣਾਉਣ ਲਈ ਉਸ ਵਿੱਚ ਇੱਕ ਅਜਿਹਾ ਅਨਮੋਲ ਗੁਣ ਵੀ ਭਰ ਦਿੱਤਾ ਹੈ ਜਿਹੜਾ ਉਸ ਦੀਆਂ ਸਭ ਪ੍ਰਕਾਰ ਦੀਆਂ ਸ਼ਕਤੀਆਂ ਤੇ ਵਿਸ਼ੇਸ਼ਤਾਈਆਂ ਨੂੰ ਮਨੁੱਖੀ ਬਿਹਤਰੀ ਦੀ ਰਾਹ ਤੇ ਲਿਆ ਕੇ ਉਸ ਦੇ ਜੀਵਨ ਨੂੰ ਸ਼ੁਧ ਸੋਨੇ ਵਾਂਗ ਬਣਾ ਦਿੰਦਾ ਹੈ । ਉਹ ਗੁਣ ਇਕੋ ਸ਼ਬਦ ਵਿੱਚ ਸਮਾਇਆ ਹੋਇਆ ਹੈ ਅਤੇ 'ਖਿਮਾ' ਕਰਕੇ ਜਾਣਿਆ ਜਾਂਦਾ ਹੈ । ਮਨੁੱਖੀ ਸੁਭਾਅ ਅਨੁਸਾਰ ਆਮ ਕਰਕੇ ਦਲੇਰ ਤੋਂ ਦਲੇਰ ਮਨੁੱਖ ਵੀ ਕਿਸੇ ਕਸੂਰਵਾਰ ਨੂੰ ਖਿਮਾ ਕਰਨ ਦੀ ਦਲੇਰੀ ਨਹੀਂ ਰੱਖਦਾ ਸਗੋਂ ਉਸ ਦੀ ਮਾਨਸਿਕ, ਸਰੀਰਕ ਤੇ ਆਰਥਿਕ ਦਲੇਰੀ ਅਤੇ ਸ਼ਕਤੀ ਕਸੂਰਵਾਰ ਤੋਂ ਬਦਲਾ ਲੈਣ ਜਾਂ ਉਸ ਨੂੰ ਨਸ਼ਟ ਕਰਨ ਲਈ ਤਾਂ ਉਸ ਨੂੰ ਉਤੇਜਤ ਕਰ ਸਕਦੀ ਹੈ, ਖਿਮਾ ਕਰਨ ਲਈ ਨਹੀਂ । ਇਹ ਪਸ਼ੂ ਬਿਰਤੀ ਹੈ ਪਰ ਇਸ ਦੇ ਉਲਟ ਕਿਸੇ ਨੂੰ ਖਿਮਾ ਕਰਨਾ, ਕਿਸੇ ਦਾ ਕਸੂਰ ਬਖਸ਼ ਦੇਣਾ, ਕਿਸੇ ਨੂੰ ਮਾਫ ਕਰ ਦੇਣਾ ਆਪਣੇ ਆਪ ਵਿੱਚ ਇੱਕ ਬਹੁਤ ਹੀ ਬਹਾਦਰਾਨਾ ਕਰਮ ਹੈ ਅਤੇ ਜਿਹੜਾ ਮਨੁੱਖ ਅਜਿਹਾ ਕਰ ਸਕਦਾ ਹੈ ਉਸ ਵਰਗਾ ਸੂਰਮਾ ਕੋਈ ਦੂਜਾ ਨਹੀਂ । ਇਸ ਲਈ ਗੁਰਬਾਣੀ ਇਸ ਗੁਣ ਨੂੰ ਧਾਰਨ ਕਰਨ ਲਈ ਮਨੁੱਖ ਨੂੰ ਕਈ ਢੰਗਾਂ ਨਾਲ ਪਰੇਰਤ ਕਰਦੀ ਹੈ । ਗੁਰਬਾਣੀ ਅਨੁਸਾਰ ਵਾਹਿਗੁਰੂ ਉੱਥੇ ਆਪ ਵਸਦਾ ਹੈ ਜਿੱਥੇ ਖਿਮਾ ਦੇ ਗੁਣ ਦੀ ਪ੍ਰਧਾਨਤਾ ਹੈ ।

ਜੇ ਗੁਰ ਇਤਿਹਾਸ ਵਲ ਵੀ ਝਾਤੀ ਮਾਰੀਏ ਤਾਂ ਬਹੁਤ ਸਾਰੇ ਹਵਾਲੇ ਉਪਲੱਬਧ ਹਨ ਜਿੱਥੇ

ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿੱਚ ਬਹੁਤ ਸਾਰੇ ਦੰਭੀਆਂ, ਫਰੇਬੀਆਂ, ਕਪਟੀਆਂ, ਲਾਲਚੀਆਂ ਅਤੇ ਅਤਿਆਚਾਰੀਆਂ ਨੂੰ ਨੇਕ ਸਿੱਖਿਆ ਦੇ ਕੇ ਮਾਫ਼ ਕਰ ਦਿੱਤਾ ਅਤੇ ਫਿਰ ਉਨ੍ਹਾਂ ਨੂੰ ਸਿੱਧੇ ਰਸਤੇ ਪਾਇਆ। ਸੱਜਣ ਠੱਗ, ਕੌਡਾ ਰਾਕਸ਼, ਬੰਦਾ ਬਹਾਦਰ ਕੁਝ ਅਜਿਹੇ ਨਾਂ ਹਨ ਜਿਹੜੇ ਇਸ ਸਿਲਸਿਲੇ ਵਿੱਚ ਬੱਚੇ ਬੱਚੇ ਦੀ ਜ਼ਬਾਨ ਤੇ ਹਨ। ਗੁਰੂ ਸਾਹਿਬਾਨ ਨੇ ਤਾਂ ਸਿੱਖ ਨੂੰ ਇਤਨਾ ਫਰਾਖਦਿਲ ਸੁਭਾਅ ਬਖਸ਼ਿਆ ਹੈ ਕਿ ਉਸ ਵਿੱਚ ਬਦਲਾ ਲੈਣ ਦੀ ਭਾਵਨਾ ਹੈ ਹੀ ਨਹੀਂ। ਉਨ੍ਹਾਂ ਨੇ ਤਾਂ ਉਸ ਨੂੰ ਜ਼ੁਲਮ ਦੇ ਖਿਲਾਫ ਲੜਨ ਲਈ ਸ਼ਕਤੀ ਬਖਸ਼ੀ ਹੈ ਜ਼ਾਲਮ ਨੂੰ ਨਾਸ਼ ਕਰਨ ਵਾਸਤੇ ਨਹੀਂ। ਇਸ ਬਾਰੇ ਸਿੱਖ ਨੂੰ ਇਹੀ ਤਾਕੀਦ ਹੈ ਕਿ ਜ਼ਾਲਮ ਨੂੰ ਸੁਧਾਰਿਆ ਜਾਵੇ ਸੋਧਿਆ ਨਾ ਜਾਵੇ। ਜੇਕਰ ਬਦਲੇ ਦੀ ਭਾਵਨਾ ਦਾ ਸਬਕ ਸਿੱਖ ਨੂੰ ਪੜਾਇਆ ਗਿਆ ਹੁੰਦਾ ਤਾਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿੱਛੋਂ ਜਹਾਂਗੀਰ ਬਾਦਸ਼ਾਹ ਸੁੱਖ ਦਾ ਸਾਹ ਨਾ ਲੈਂਦਾ। ਪਰ ਇਸ ਦੇ ਉਲਟ ਗੁਰੂ ਅਰਜਨ ਦੇਵ ਜੀ ਦੇ ਸਾਹਿਬਜ਼ਾਦੇ ਗੁਰੂ ਹਰਿਗੋਬਿੰਦ ਸਾਹਿਬ ਦੇ ਸਬੰਧ ਉਸ ਨਾਲ ਆਮ ਕਰਕੇ ਸੁਖਾਵੇਂ ਹੀ ਰਹੇ। ਮੀਆਂ ਮੀਰ ਜੀ ਵੱਲੋਂ ਜਹਾਂਗੀਰ ਨੂੰ ਇਹ ਅਹਿਸਾਸ ਕਰਵਾਉਣ ਤੇ ਕਿ ਉਸ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾ ਕੇ ਇੱਕ ਅਪਰਾਧ, ਇੱਕ ਘੋਰ ਅਨਿਆਂ ਤੇ ਇੱਕ ਘਿਨੌਣਾ ਜ਼ੁਲਮ ਕੀਤਾ ਹੈ ਉਸ ਵਿੱਚ ਪਸਚਾਤਾਪ ਦੀ ਭਾਵਨਾ ਪੈਦਾ ਹੋਈ ਤੇ ਗੁਰੂ ਸਾਹਿਬ ਨੇ ਉਸ ਨੂੰ ਖ਼ਿਮਾ ਕਰਕੇ ਕਮਾਲ ਦੀ ਸੇਧ ਪ੍ਰਦਾਨ ਕੀਤੀ। ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਗਰੋਂ ਔਰੰਗਜ਼ੇਬ ਨਾਲ ਜੰਗਾਂ ਕਰਦੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਲਿਖੇ ਆਪਣੇ ਵਿਜੇ-ਪੱਤਰ (ਜ਼ਫਰਨਾਮੇ) ਵਿੱਚ ਉਸ ਨੂੰ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਉਹ ਕਪਟੀ ਹੈ, ਚਲਾਕ ਹੈ, ਕਸਮ ਚੁਕ ਕੇ ਮੁੱਕਰ ਜਾਣ ਵਾਲਾ ਹੈ, ਉਸ ਨੂੰ ਔਰੰਗਜ਼ੇਬ ਨਾ ਜ਼ੇਬ ਨਹੀਂ ਦੇਂਦਾ ਕਿਉਂਕਿ ਉਸ ਵਿੱਚ ਮੱਕਾਰੀ ਹੈ ਤੇ ਉਸ ਦਾ ਲਸ਼ਕਰ ਉਸ ਦੇ ਹੁਕਮਾਂ ਅਧੀਨ ਜ਼ੁਲਮ ਤੇ ਅੱਤਿਆਚਾਰ ਕਰ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਜ਼ਫਰਨਾਮਾ ਪੜ੍ਹਨ ਉਪਰੰਤ ਔਰੰਗਜ਼ੇਬ ਨੂੰ ਹੋਸ਼ ਆਈ ਕਿ ਉਸ ਦਾ ਰਾਹ ਕੱਟੜਪੁਣੇ ਦਾ ਰਾਹ ਹੈ, ਨਫ਼ਰਤ ਦਾ ਰਾਹ ਹੈ, ਗ਼ਫ਼ਲਤ ਦਾ ਰਾਹ ਹੈ ਤਾਂ ਉਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ ਦੀ ਤਾਂਘ ਪ੍ਰਗਟ ਕੀਤੀ ਪਰ ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਦੀ ਆਪਸੀ ਮੁਲਾਕਾਤ ਤੋਂ ਪਹਿਲਾਂ ਹੀ ਔਰੰਗਜ਼ੇਬ ਮਰ ਗਿਆ। ਗੁਰੂ ਜੀ ਨੇ ਔਰੰਗਜ਼ੇਬ ਬਾਦਸ਼ਾਹ ਪ੍ਰਤੀ ਨਫ਼ਰਤ ਦੀ ਗੰਢ ਨਹੀਂ ਬੰਨ੍ਹੀ ਅਤੇ ਨਾ ਹੀ ਬਦਲੇ ਦੀ ਭਾਵਨਾ ਨਾਲ ਕੋਈ ਕਾਰਵਾਈ ਕੀਤੀ ਸਗੋਂ ਉਸ ਨੂੰ ਅਹਿਸਾਸ ਕਰਵਾ ਕੇ ਉਸ ਦੀ ਜ਼ਮੀਰ ਨੂੰ ਝੰਜੋੜਾ ਦਿੱਤਾ ਕਿ ਉਸ ਦਾ ਰਾਹ ਗ਼ਲਤ ਹੈ, ਜ਼ਬਾਨ ਗ਼ਲਤ ਹੈ, ਦਿਲ ਦੀ ਭਾਵਨਾ ਗ਼ਲਤ ਹੈ, ਮਨ ਦੇ ਵੇਗ ਗ਼ਲਤ ਹਨ ਫਿਰ ਉਹ ਧਾਰਮਿਕ ਤੌਰ ਤੇ ਦਰੁਸਤ ਕਿਵੇਂ ਹੋ ਸਕਦਾ ਹੈ ? ਉਹ ਤਾਂ ਹੱਥਾਂ ਤੇ ਜ਼ਬਾਨ, ਦੋਹਾਂ ਪ੍ਰਕਾਰਾਂ ਦੇ ਗੁਨਾਹਾਂ ਦਾ ਭਾਗੀਦਾਰ ਹੈ। ਇੱਕ ਸ਼ਹਿਨਸ਼ਾਹ ਹੋ ਕੇ ਉਸ ਨੂੰ ਆਪਣੀ ਪਰਜਾ ਨੂੰ ਸੁੱਖ ਦੇਣ ਦਾ ਫਰਜ਼ ਪੂਰਾ ਕਰਨਾ ਬਣਦਾ ਹੈ ਪਰ ਉਹ ਇੱਕ ਵੱਡੇ ਵਰਗ ਦਾ ਜਿਊਣਾ ਹਰਾਮ ਕਰ ਰਿਹਾ ਹੈ ਫਿਰ ਉਹ ਇਨਸਾਫ ਪਸੰਦ ਕਿਵੇਂ ਹੋ ਸਕਦਾ ਹੈ ?

ਕੁਰਾਨ ਸ਼ਰੀਫ ਵਿੱਚ ਵੀ ਇੱਕ ਪ੍ਰਸੰਗ ਆਉਂਦਾ ਹੈ ਜਿਸ ਅਨੁਸਾਰ ਉਹ ਮਨੁੱਖ ਨਰਕਾਂ ਦਾ ਭਾਗੀ ਹੋ ਕੇ ਆਪਣੇ ਤਾਂਬੇ ਦੇ ਨਾਖਨਾਂ ਨਾਲ ਆਪਣੇ ਸੋਨੇ ਦੇ ਸਰੀਰ ਨੂੰ ਨੋਚਦਾ ਹੈ ਜਿਸ ਨੇ ਆਪਣੇ ਭੈਣਾਂ ਭਰਾਵਾਂ ਦੀ ਨਿੰਦਿਆ ਕੀਤੀ ਹੋਵੇ, ਧੋਖਾ ਦਿੱਤਾ ਹੋਵੇ ਜਾਂ ਬੇਕਸੂਰਾ ਸਤਾਇਆ ਹੋਵੇ ਅਤੇ ਜੇ ਔਰੰਗਜ਼ੇਬ ਦੇ ਜੀਵਨ ਇਤਿਹਾਸ ਨੂੰ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਕੁਰਾਨ ਸ਼ਰੀਫ ਦੀਆਂ ਪੋਥੀਆਂ ਲਿਖ ਲਿਖ ਕੇ ਆਪਣਾ ਨਿਰਬਾਹ ਕਰਨ ਵਾਲਾ ਇਹ ਰਾਜਾ ਆਪਣੇ ਭੈਣਾਂ ਭਰਾਵਾਂ ਤੇ ਪਿਓ ਨੂੰ ਹਰ ਕਿਸਮ ਦੇ ਤਸੀਹੇ ਦੇ ਕੇ ਖਤਮ ਕਰਨ ਵਿੱਚ ਖੁਸ਼ੀ ਮਹਿਸੂਸ ਕਰਦਾ ਹੈ। ਇਥੋਂ ਤੱਕ ਕਿ ਉਸ ਨੇ ਆਪਣੇ ਬੰਦੀ ਬਣਾਏ ਪਿਓ ਨੂੰ ਪੀਣ ਲਈ ਸਵੱਛ ਪਾਣੀ ਦੇਣ ਤੇ ਵੀ ਬੰਦਿਸ਼ ਲਗਾ ਦਿੱਤੀ ਸੀ ਜਿਸ ਤੇ ਸ਼ਾਹਜਹਾਨ ਨੇ ਉਸ ਨੂੰ ਕਿਹਾ ਸੀ ਕਿ ਤੇਰੇ ਨਾਲੋਂ ਤਾਂ ਹਿੰਦੂ ਚੰਗੇ ਹਨ ਜੋ ਮਰੇ ਹੋਏ ਪਿੱਤਰਾਂ ਨੂੰ ਵੀ ਪਾਣੀ ਭੇਜਦੇ ਹਨ ਤੇ ਇੱਕ ਤੂੰ ਏਂ ਜਿਸ ਨੇ ਜਿਉਂਦੇ ਪਿਓ ਦਾ ਰਾਜ ਭਾਗ ਖੋਹ ਕੇ ਉਸ ਨੂੰ ਕੈਦ ਕਰ ਦਿੱਤਾ ਹੈ ਤੇ ਉਸ ਦਾ ਪਾਣੀ ਤੱਕ ਬੰਦ ਕਰ ਦਿੱਤਾ ਹੈ। ਉਸ ਵਿੱਚ ਦਿਆ, ਖ਼ਿਮਾ ਤੇ ਪ੍ਰੇਮ ਦੀ ਭਾਵਨਾ ਕਿਥੇ ਗਈ। ਉਸਦੇ ਕਰਮਾਂ ਵਿੱਚ ਧਰਮ ਦੀ ਦਿਆਲਤਾ, ਕ੍ਰਿਪਾਲਤਾ ਦੀ ਭਾਵਨਾ ਦਾ ਅਹਿਸਾਸ ਤੱਕ ਨਜ਼ਰ ਨਹੀਂ ਆਉਂਦਾ। ਦੀਨ ਸਜਾਉਣਾ ਹੋਰ ਗੱਲ ਹੈ, ਦੀਨ ਕਮਾਉਣਾ ਤੇ ਪੁਗਾਉਣਾ ਹੋਰ ਗੱਲ ਹੈ।

ਕੋਈ ਵੀ ਧਰਮ ਜਿਹੜਾ ਮਨੁੱਖਤਾ ਦੀ ਬਿਹਤਰੀ ਦੀ ਸਾਖੀ ਭਰਦਾ ਹੋਵੇ, ਬਦਲੇ ਦੀ ਗੱਲ ਦਾ ਪ੍ਰਚਾਰ ਨਹੀਂ ਕਰ ਸਕਦਾ ਕਿਉਂਕਿ ਬਦਲਾ ਨਫਰਤ ਪੈਦਾ ਕਰਦਾ ਹੈ ਅਤੇ ਖ਼ਿਮਾ ਪਿਆਰ ਤੇ ਅਪਣਤ ਨੂੰ ਜਨਮ ਦੇਂਦੀ ਹੈ। ਗ੍ਰੰਥਾਂ ਵਿੱਚ ਆਇਆ ਹੈ ਕਿ ਬਦਲੇ ਦੀ ਭਾਵਨਾ ਨਾਲ ਤੁਸੀਂ ਜਿਹੜੀ ਜਿੱਤ ਪ੍ਰਾਪਤ

ਕਰਦੇ ਹੋ ਉਸ ਦੀ ਚਮਕ ਤੇ ਅਭਿਮਾਨ ਕੇਵਲ ਉਸ ਦਿਨ ਲਈ ਹੀ ਰਹਿੰਦਾ ਹੈ ਜਿਸ ਦਿਨ ਤੁਸੀਂ ਕਿਸੇ ਤੋਂ ਬਦਲਾ ਲੈ ਕੇ ਉਸ ਨੂੰ ਨੀਂਵਾ ਦਿਖਾਉਂਦੇ ਹੋ ਪਰ ਇਸ ਦੇ ਉਲਟ ਮਾਫ਼ ਕਰ ਦੇਣ ਦਾ ਮਾਣ ਸਦਾ ਸਦਾ ਲਈ ਰਹਿੰਦਾ ਹੈ ਕਿਉਂਕਿ ਜਦ ਵੀ ਕੋਈ ਮਨੁੱਖ ਕਿਸੇ ਵੇਲੇ ਉਸ ਘਟਨਾ ਨੂੰ ਦੁਹਰਾਉਂਦਾ ਹੈ ਜਿਸ ਵਿੱਚ ਕਿਸੇ ਨੇ ਕਿਸੇ ਨੂੰ ਮਾਫ਼ ਕਰ ਦਿੱਤਾ ਹੁੰਦਾ ਹੈ ਤਾਂ ਉਹ ਇਸ ਗੱਲ ਨੂੰ ਬੜੇ ਪਿਆਰ ਨਾਲ ਦਰਸਾਉਂਦਾ ਹੈ ਕਿ ਫਲਾਣੇ ਦਾ ਜਿਗਰਾ ਬਹੁਤ ਵੱਡਾ ਹੈ, ਉਸ ਨੇ ਕਮਾਲ ਕਰ ਦਿੱਤੀ ਹੈ, ਇਥੋਂ ਤੱਕ ਕਿ ਆਪਣੇ ਦੁਸ਼ਮਣ ਨੂੰ ਵੀ ਉਸ ਸਮੇਂ ਮਾਫ਼ ਕਰ ਦਿੱਤਾ, ਜਦ ਉਹ ਉਸ ਦੇ ਡਾਢੇ ਸ਼ਿਕੰਜੇ ਵਿੱਚ ਆਇਆ ਹੋਇਆ ਸੀ। ਇਸ ਤਰ੍ਹਾਂ ਮਾਫ਼ ਕਰਕੇ ਉਸ ਨੂੰ ਅਹਿਸਾਸ ਕਰਾ ਦਿੱਤਾ ਕਿ ਦੁਸ਼ਮਣੀ ਪਾਲਣ ਨਾਲੋਂ ਕਿਤੇ ਚੰਗਾ ਹੈ ਕਿ ਕਿਸੇ ਨੂੰ ਮੁਆਫ਼ ਕਰ ਦੇਈਏ ਪਰ ਇਹ ਗੱਲ ਕੋਈ ਘੁਮੰਡੀ ਵਿਅਕਤੀ ਨਹੀਂ ਕਰ ਸਕਦਾ ਕਿਉਂਕਿ ਉਹ ਅੰਦਰੋਂ ਪਵਿੱਤਰ ਗੁਣਾਂ ਤੋਂ ਖਾਲੀ ਹੁੰਦਾ ਹੈ ਤੇ ਕੋਈ ਵਿਰਲਾ ਧਾਰਮਿਕ ਰੰਗਤ ਵਿੱਚ ਰੰਗਿਆ ਵਿਅਕਤੀ ਹੀ '**ਨਾ ਕੋ ਬੈਰੀ ਨਾਹੀ ਬਿਗਾਨਾ**' ਦੀ ਅਵਸਥਾ ਵਿੱਚ ਪਹੁੰਚਿਆ ਹੋਇਆ ਕਿਸੇ ਨੂੰ ਬਖਸ਼ਣ ਦੀ ਸ਼ਕਤੀ ਰੱਖਦੇ ਹੋਏ ਨਾਲ ਇਹ ਵੀ ਅਰਦਾਸ ਕਰਦਾ ਹੈ ਕਿ ਵਾਹਿਗੁਰੂ ਉਸ ਨੂੰ ਸੁਮੱਤ ਵੀ ਬਖਸ਼ੇ ਕਿ ਉਹ ਆਪਣੇ ਜੀਵਨ ਕਾਲ ਵਿੱਚ ਲੁੱਟਮਾਰ, ਜ਼ੁਲਮ, ਤਸ਼ੱਦਦ ਕਰਨ ਦੀ ਥਾਂ ਮਨੁੱਖਤਾ ਦੀ ਬਿਹਤਰੀ ਲਈ ਕੋਈ ਅਜਿਹਾ ਕਰਮ ਵੀ ਕਰ ਸਕੇ ਜਿਸ ਨਾਲ ਮਾਨਵਤਾ ਵਿੱਚ ਵਧੇਰੇ ਸਦਭਾਵਨਾ ਤੇ ਭਰਾਤਰੀ ਭਾਵ ਪੈਦਾ ਹੋ ਸਕਣ। ਗੁਰਬਾਣੀ ਅਜਿਹਾ ਸਬਕ ਦੇਂਦੀ ਹੈ। ਸਿੱਖ ਜਦ ਆਪਣੀ ਅਰਦਾਸ ਵਿੱਚ ਸਰਬੱਤ ਦੇ ਭਲੇ ਦੀ ਮੰਗ ਕਰਦਾ ਹੈ ਤਾਂ ਉਸ ਵਿੱਚ ਖ਼ਿਮਾ ਦੀ ਭਾਵਨਾ ਸੁਤੇ ਸਿਧ ਹੀ ਸ਼ਕਤੀਸ਼ਾਲੀ ਰੂਪ ਗ੍ਰਹਿਣ ਕਰ ਰਹੀ ਹੁੰਦੀ ਹੈ। ਉਸ ਵਿੱਚ ਹੰਕਾਰ, ਕਰੋਧ ਆਦਿ ਉਤਪੰਨ ਹੀ ਨਹੀਂ ਹੁੰਦੇ ਤੇ ਇਵੇਂ ਉਹ ਸਭ ਰੋਗਾਂ ਸੰਤਾਪਾਂ ਤੋਂ ਵੀ ਮੁਕਤ ਹੋ ਜਾਂਦਾ ਹੈ।

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨਾ ਜਮ ਦੋਖੰ ॥ ਅੰਕ - 223

ਗੁਰੂ ਦੇ ਸਿੱਖ ਵਿੱਚ ਜੇਕਰ ਸਹੀ ਅਰਥਾਂ ਵਿੱਚ ਵੰਡ ਕੇ ਛਕਣ ਦੀ ਭਾਵਨਾ ਹੈ, ਸੁੱਚੀ ਕਿਰਤ ਦੀ ਤਮੰਨਾ (ਤਾਂਘ) ਹੈ, ਦੂਜੇ ਪ੍ਰਤੀ ਸਦਭਾਵਨਾ ਦੀ ਨਿਸ਼ਕਾਮ ਲਗਨ ਹੈ, ਮਨੁੱਖਤਾ ਦੀ ਬਿਹਤਰੀ ਲਈ ਸੱਚੀ ਤੜਪ ਹੈ ਤਾਂ ਅਵੱਸ਼ ਹੀ ਉਸ ਦੇ ਮਨ ਵਿੱਚ ਦੂਜੇ ਦੇ ਔਗੁਣਾਂ ਨੂੰ ਅਣਡਿੱਠ ਕਰ ਦੇਣ ਦੀ ਅਥਾਹ ਸ਼ਕਤੀ ਵੀ ਹੋਣੀ ਚਾਹੀਦੀ ਹੈ ਅਤੇ ਕਸੂਰਵਾਰ ਨੂੰ ਸਿੱਧੇ ਰਸਤੇ ਤੇ ਲਿਆਉਣ ਉਪਰੰਤ ਉਸ ਨੂੰ ਖੁਸ਼ੀ ਖੁਸ਼ੀ ਮਾਫ਼ ਕਰਨ ਦੀ ਦਲੇਰੀ ਵੀ। ਗੁਰੂ ਨਾਨਕ ਦੇਵ ਜੀ ਵੱਲੋਂ ਚਲਾਇਆ ਸਤਿਨਾਮ ਦਾ ਚੱਕਰ ਸਾਨੂੰ ਇਹੀ ਉਪਦੇਸ਼ ਦਿੰਦਾ ਹੈ ਕਿ ਅਸੀਂ ਬਦ ਨੂੰ ਖਤਮ ਕਰਨ ਦੀ ਥਾਂ ਉਸ ਦੀ ਬਦੀ ਨੂੰ ਖਤਮ ਕਰੀਏ ਤੇ ਬਦ ਨੂੰ ਸੁਧਾਰ ਕੇ ਕੰਠ ਲਾ ਲਈਏ। ਇਸ ਲਈ ਜਿਸ ਮਨੁੱਖ ਵਿੱਚ ਮਾਫ਼ ਕਰਨ ਦੀ ਭਾਵਨਾ ਆ ਗਈ ਉਸ ਵਿੱਚ ਵੈਰ, ਵਿਰੋਧ, ਮੇਰ ਤੇਰ ਖਤਮ ਹੋ ਗਿਆ ਪਰ ਇਥੇ ਇੱਕ ਗੱਲ ਨੂੰ ਸਪੱਸ਼ਟ ਕਰਨਾ ਉਚਿਤ ਹੋਵੇਗਾ ਕਿ ਖ਼ਿਮਾਂ ਕਰਨ, ਮਾਫ਼ ਕਰਨ ਜਾਂ ਬਖਸ਼ ਦੇਣ ਦੀ ਇਹ ਰੁਚੀ ਕਿਸੇ ਕਮਜ਼ੋਰੀ ਕਾਰਨ ਨਹੀਂ ਹੋਣੀ ਚਾਹੀਦੀ, ਕਿਉਂਕਿ ਕਮਜ਼ੋਰ ਵਿਅਕਤੀ ਤਾਂ ਹਰ ਸਥਿਤੀ ਨੂੰ ਦਰਗੁਜ਼ਰ ਕਰਦਾ ਹੀ ਹੈ ਅਤੇ ਉਸ ਨੂੰ ਤਾਂ ਇਹ ਅਲੂਣੀ ਸਿੱਲ ਚਟਣੀ ਹੀ ਪੈਂਦੀ ਹੈ। ਉਸ ਅੰਦਰ ਇਤਨਾ ਬਾਹੂਬਲ ਨਹੀਂ ਹੁੰਦਾ ਕਿ ਉਹ ਸਕਤੇ ਅਤੇ ਧਾੜਵੀ ਨਾਲ ਲੋਹਾ ਲੈ ਸਕੇ। ਇਸ ਲਈ ਉਸ ਪਾਸ ਹੋਰ ਕੋਈ ਚਾਰਾ ਹੀ ਨਹੀਂ ਸਿਵਾਏ ਇਸ ਦੇ ਕਿ ਉਹ ਆਪਣੇ ਦਿਲ ਨੂੰ ਇਹੀ ਕਹਿ ਕੇ ਧਰਵਾਸ ਦੇਵੇ ਕਿ ਉਸ ਨੇ ਉਸ ਨੂੰ ਮਾਫ਼ ਕਰ ਦਿੱਤਾ ਹੈ। ਇਹ ਮਾਫੀ ਮਾਫੀ ਨਹੀਂ ਸਗੋਂ ਇੱਕ ਹੀਣੀ ਤੇ ਕਮਜ਼ੋਰ ਮਨੋ ਅਵਸਥਾ ਹੈ ਜਿਸ ਦੀ ਕੋਈ ਵੀ ਸ਼ਲਾਘਾ ਨਹੀਂ ਕਰ ਸਕਦਾ। ਗੁਰਬਾਣੀ ਸਾਨੂੰ ਹਲੀਮੀ, ਮਾਫ਼ੀ ਤੇ ਨਿਮਰਤਾ ਦੇ ਨਾਲ ਨਾਲ ਅਣਖ ਵੀ ਸਿਖਾਉਂਦੀ ਹੈ। ਹੁਕਮ ਹੈ :

ਜੇ ਜੀਵੈ ਪਤਿ ਲਥੀ ਜਾਇ ॥ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਕ- 142

ਮਾਫੀ ਦੀ ਇੱਕ ਨਿਗਰ ਮਿਸਾਲ ਸਿੱਖ ਇਤਿਹਾਸ ਦੇ ਪੰਨਿਆਂ ਤੋਂ ਸਾਹਮਣੇ ਆਉਂਦੀ ਹੈ। ਅਹਿਮਦ ਸ਼ਾਹ ਅਬਦਾਲੀ ਨੇ ਸਿੱਖਾਂ ਦਾ ਸਰਵਨਾਸ਼ ਕਰਨ ਲਈ 1762 ਈ. ਵਿੱਚ ਪੰਜਾਬ ਤੇ ਇੱਕ ਵਿਸ਼ੇਸ਼ ਹਮਲਾ ਕੀਤਾ, ਕੁਪ ਦੇ ਅਸਥਾਨ ਤੇ ਹਜ਼ਾਰਾਂ ਸਿੰਘ ਸਿੰਘਣੀਆਂ ਤੇ ਮਾਸੂਮ ਬੱਚੇ 5,6 ਫਰਵਰੀ, 1762 ਨੂੰ ਵੱਡੇ ਘੱਲੂਘਾਰੇ ਵਿੱਚ ਸ਼ਹੀਦ ਹੋਏ। ਮਗਰੋਂ ਅਬਦਾਲੀ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਇਮਾਰਤ ਨੂੰ ਮਸਮਾਰ ਕੀਤਾ ਅਤੇ ਆਪਣੀ ਜਿੱਤ ਦੇ ਡੰਕੇ ਵਜਾਉਂਦਾ ਸੁਦੇਸ਼ ਪਤਰ ਰਿਹਾ ਸੀ ਕਿ ਸਿੱਖਾਂ

ਨੇ ਉਸ ਨੂੰ ਝਨਾਂ ਦਰਿਆ ਨਾ ਟੱਪਣ ਦਿੱਤਾ ਤੇ ਜਾ ਲਲਕਾਰਿਆ । ਅਹਿਮਦ ਸ਼ਾਹ ਦਾ ਲੜਕਾ ਥਾਂ ਤੇ ਮਾਰਿਆ ਗਿਆ, ਉਹ ਆਪ ਜ਼ਖਮੀ ਹਾਲਤ ਵਿੱਚ ਨੱਸ ਗਿਆ, ਸਿੱਖਾਂ ਨੇ ਉਸ ਦੇ ਫ਼ੌਜੀ ਗ੍ਰਿਫਤਾਰ ਕਰ ਲਏ, ਉਨ੍ਹਾਂ ਨੂੰ ਅੰਮ੍ਰਿਤਸਰ ਲਿਆਂਦਾ ਗਿਆ, ਉਨ੍ਹਾਂ ਤੋਂ ਵੀ ਦਰਬਾਰ ਸਾਹਿਬ ਅਤੇ ਸਰੋਵਰ ਦੀ ਦੁਬਾਰਾ ਸੇਵਾ ਕਰਵਾਈ ਗਈ ਅਤੇ ਜਦ ਇਹ ਸਾਰਾ ਕਾਰਜ ਪੂਰਾ ਹੋ ਗਿਆ ਤਾਂ ਸਿੱਖਾਂ ਨੇ ਉਨ੍ਹਾਂ ਫ਼ੌਜੀਆਂ ਨੂੰ ਬਦਲੇ ਦੀ ਭਾਵਨਾ ਵਿੱਚ ਆ ਕੇ ਕਤਲ ਨਹੀਂ ਕੀਤਾ, ਸਗੋਂ ਇਹ ਕਹਿ ਕੇ ਬਖ਼ਸ਼ ਦਿੱਤਾ ਕਿ ਇਨ੍ਹਾਂ ਪਾਪੀਆਂ ਨੇ ਜੇ ਗੁਰੂ ਦੇ ਘਰ ਨੂੰ ਤੋੜਿਆ ਹੈ ਤਾਂ ਬਣਾਉਣ ਦੀ ਸੇਵਾ ਵਿੱਚ ਵੀ ਹਿਸਾ ਪਾਇਆ ਹੈ, ਇਸ ਲਈ ਇਨ੍ਹਾਂ ਸਾਰਿਆਂ ਨੂੰ ਮਾਫ਼ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਨੂੰ ਇਹ ਖੁੱਲ੍ਹ ਦਿੱਤੀ ਜਾਂਦੀ ਹੈ ਕਿ ਜੇ ਉਹ ਚਾਹੁਣ ਤਾਂ ਆਪਣੇ ਦੇਸ਼ ਪਤਰ ਜਾਣ ਅਤੇ ਅੱਗੇ ਤੋਂ ਚੰਗੇ ਸ਼ਹਿਰੀ ਵਾਂਗ ਜੀਵਨ ਜਿਊਣ ਦੀ ਪਿਰਤ ਪਾਉਣ । ਖੁਸ਼ ਅਸਲੂਬੀ, ਫਰਾਖਦਿਲੀ ਅਤੇ ਖ਼ਿਮਾ ਕਰਨ ਦੀ ਇਹ ਭਾਵਨਾ ਸਾਡੇ ਲਈ ਇੱਕ ਪਥ ਪ੍ਰਦਰਸ਼ਨ ਦਾ ਕੰਮ ਕਰਦੀ ਹੈ ਅਤੇ ਜੇਕਰ ਅਸੀਂ ਸਹੀ ਅਰਥਾਂ ਵਿੱਚ ਯੋਗ ਇਨਸਾਨ ਬਣਨਾ ਚਾਹੁੰਦੇ ਹਾਂ ਤਾਂ ਸਭ ਗੁਣਾਂ ਦੇ ਨਾਲ ਨਾਲ ਸਾਡੇ ਵਿੱਚ ਦੂਜੇ ਨੂੰ ਖ਼ਿਮਾ ਕਰਨ ਦਾ ਗੁਣ ਵੀ ਠਾਠਾਂ ਮਾਰਦਾ ਹੋਣਾ ਚਾਹੀਦਾ ਹੈ ਜੋ ਸਾਨੂੰ ਗੁਰਬਾਣੀ ਨੇ ਪ੍ਰਬਲ ਰੂਪ ਵਿੱਚ ਸਿਖਾਇਆ ਹੈ । ਗੁਰਬਾਣੀ ਖ਼ਿਮਾ ਤੋਂ ਖਾਲੀ ਹਿਰਦਿਆਂ ਨੂੰ ਫ਼ਜ਼ੂਲ ਸਮਝਦੀ ਹੈ ।

ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ ॥
ਗਣਤ ਨ ਆਵੈ ਕਿਉ ਗਈ ਖਪਿ ਖਪਿ ਮੁਏ ਬਿਸੰਖ ॥ ਅੰਕ- 937

ਕੋਈ ਵੀ ਧਰਮ ਜਿਹੜਾ ਮਨੁੱਖਤਾ ਦੀ ਬਿਹਤਰੀ ਦੀ ਸਾਖੀ ਭਰਦਾ ਹੋਵੇ, ਬਦਲੇ ਦੀ ਗੱਲ ਦਾ ਪ੍ਰਚਾਰ ਨਹੀਂ ਕਰ ਸਕਦਾ, ਕਿਉਂਕਿ ਬਦਲਾ ਨਫ਼ਰਤ ਪੈਦਾ ਕਰਦਾ ਹੈ ਅਤੇ ਖ਼ਿਮਾ, ਪਿਆਰ ਤੇ ਅਪਣੱਤ ਨੂੰ ਵਿਕਸਤ ਕਰਦੀ ਹੈ । ਪਵਿੱਤਰ ਲਿਖਤਾਂ ਵਿੱਚ ਇਹ ਭਾਵਨਾ ਪ੍ਰਬਲ ਰੂਪ ਵਿੱਚ ਤੇਜਮਾਨ ਹੈ ਕਿ :

'ਬਖਸ਼ ਦੋ ਗਰ ਖਤਾਅ (ਗ਼ਲਤੀ) ਕਰੇ ਕੋਈ ।'

ਧੰਨਵਾਦਿ ਸਹਿਤ ਵਿੱਚੋਂ:- ਗੁਰਬਾਣੀ ਸੰਕਲਪ

## ਵਡਮੁਲਾ ਨਾਮ ਸਿਮਰਨ ਪ੍ਰਾਪਤ ਕਿਵੇਂ ਹੋਵੇ ?

ਭਗਤ ਸਿੰਘ

ਪਿਛਲੀ ਲਿਖਤ ਤੋਂ ਤੇ ਗੁਰਬਾਣੀ ਵਿਚਾਰ ਤੋਂ ਏਹ ਗਲ ਸਪੱਸ਼ਟ ਹੋ ਗਈ ਹੈ ਕੇ ਵਾਹਿਗੁਰੂ ਦੇ ਸਿਮਰਨ ਬਿਨਾਂ ਦੁਖ ਹੀ ਦੁਖ ਹਨ ਐਥੇ ਵੀ ਦੁਖ ਤੇ ਅਗਲੀ ਦਰਗਾਹ ਵਿਚ ਸਜ਼ਾਵਾਂ ਤੇ ਮੁੜ ਚਉਰਾਸੀ ਲੱਖ ਜੂਨਾਂ ਦਾ ਚਕਰ ਤੇ ਪ੍ਰਮੇਸ਼ਰ ਦੀ ਭਜਨ ਬੰਦਗੀ ਵਿਚ ਸੰਸਾਰ ਤੇ ਵੀ ਸੁਖ ਤੇ ਦਰਗਾਹੇ ਵੀ ਮੁਖ ਉਜਲਾ, ਹੁਣ ਵਿਚਾਰ ਏਹ ਕਰਨੀ ਹੈ ਕੇ ਸੁਖਾਂ ਦਾ ਖਜ਼ਾਨਾ ਪ੍ਰਾਪਤ ਕਿਵੇਂ ਹੋਵੇ । ਪਹਿਲੇ ਵੀ ਇਸ ਤੇ ਵਿਚਾਰ ਹੋ ਚੁਕਾ ਹੈ ਕੇ ਦਾਤ ਦਾਤੇ ਦੇ ਆਪਣੇ ਹਥ ਹੈ ਜਿਸ ਨੂੰ ਉਹ ਚਾਹੁੰਦਾ ਹੈ ਦੇਂਦਾ ਹੈ ਇਸ ਦਾ ਭਾਵ ਹਰਗਿਜ਼ ਏਹ ਨਹੀਂ ਕੇ ਮਨੁਖ ਢੇਰੀ ਢਾਹ ਕੇ ਬੈਹ ਜਾਏ ਤੇ ਇਹ ਸੋਚਨਾ ਸ਼ੁਰੂ ਕਰ ਦੇਵੇ ਕੇ ਜੇ ਦਾਤ ਦਾਤੇ ਨੇ ਹੀ ਦੇਣੀ ਹੈ ਜਦ ਦੇਵੇਗਾ ਓਦੋਂ ਸਹੀ । ਇਸ ਤਰ੍ਹਾਂ ਨਹੀਂ ਗੁਰਬਾਣੀ ਦੀ ਵਿਚਾਰ ਤੋਂ ਇਹ ਗਲ ਸਾਹਮਣੇ ਆਂਦੀ ਹੈ ਕਿ ਸਾਡੇ ਸਤਿਗੁਰੂ ਜੀ ਨੇ ਸਾਨੂੰ ਇਸ ਪਾਸੇ ਤੁਰਨ ਲਈ ਉਦਮ ਕਰਨ ਦੀ ਪ੍ਰੇਰਨਾ ਦਿਤੀ ਹੈ ਉਦਮ ਗੁਰੂ ਕੇ ਹੁਕਮ ਅਨੁਸਾਰ ਹਰ ਇਕ ਪ੍ਰਾਨੀ ਨੇ ਕਰਨਾ ਹੈ ਗੁਰੂ ਕਾ ਹੁਕਮ ਮਨ ਕੇ ਦਸੀ ਹੋਈ ਰਹਿਤ ਮਰੀਆਦਾ ਵੀ ਧਾਰਨ ਕਰਨੀ ਹੈ ਅੰਮ੍ਰਿਤ ਵੇਲੇ ਉੱਠਣਾ, ਇਸ਼ਨਾਨ ਕਰਨਾ, ਸਿਮਰਨ ਜੋ ਪੰਜਾ ਪਿਆਰਿਆਂ ਨੇ ਸ਼ਬਦ ਬਖਸ਼ਿਆ ਹੈ ਉਸ ਦਾ ਕਰਨਾ ਹੋਰ ਕਾਮ, ਕਰੋਧ, ਲੋਭ, ਮੋਹ, ਅੰਹਕਾਰ ਤੇ ਕਾਬੂ ਦਾ ਯਤਨ ਕਰਨਾ, ਵਿਹਾਰ ਕਾਰ ਸੁਚਾ ਕਰਨਾ ਹੋਰ ਵਸ ਲਗਦੇ ਹੋਰ ਵੀਰਾਂ ਭੈਣਾਂ ਦੀ ਲੋੜਵੰਦਾ ਦੀ ਮਦਦ ਕਰਨੀ, ਨੇਕੀ ਕਰਨੀ, ਹੋਰ ਵੀਰਾਂ ਭੈਣਾਂ ਨੂੰ ਗੁਰੂ ਉਪਦੇਸ਼ ਰਾਹੀਂ ਸਿਖੀ ਵਲ ਪ੍ਰੇਰਨਾ, ਇਸ ਵਿਧੀ ਨਾਲ ਸਤਿਗੁਰੂ ਦੀ ਖੁਸ਼ੀ ਪ੍ਰਾਪਤ ਹੁੰਦੀ ਹੈ ਤੇ ਇਹ ਵਡਮੁਲੀ ਦਾਤ ਸਾਨੂੰ ਸਤਿਗੁਰੂ ਨੇ ਹੀ ਦਿਵਾਣੀ ਹੈ, ਰੋਜ਼ਾਨਾ ਸੰਗਤ ਵਿਚ ਪਹੁੰਚਣਾ ਕੀਰਤਨ ਕਥਾ ਸਰਵਨ ਕਰਨਾ ਹਥੀਂ ਸੇਵਾ ਕਰਨੀ ਇਹ ਸਭ ਗਲਾਂ ਸਹਾਈ ਹੁੰਦੀਆਂ ਹਨ । ਹੁਣ ਪਹਿਲੇ ਸਤਿਗੁਰੂ ਨੇ ਜੋ ਸਾਨੂੰ ਉੱਦਮ ਲਈ ਹੁਕਮ ਤੇ ਪ੍ਰੇਰਨਾ ਦਿਤੀ ਹੈ ਗੁਰਬਾਣੀ ਰਾਹੀਂ ਉਸ ਤੇ ਵਿਚਾਰ ਕਰਦੇ ਹਾਂ ।

(੧) ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥
ਸੰਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ॥੧॥ ਸਿਰੀਰਾਗੁ (ਮਃ੫) ਅੰਗ੪੯

ਮਨ ਮੇਰੇ ਰਾਮ ਨਾਮੁ ਜਪਿ ਜਾਪੁ ॥
ਮਨ ਇਛੇ ਫਲ ਭੁੰਚਿ ਤੂ ਸਭੁ ਚੂਕੈ ਸੋਗੁ ਸੰਤਾਪੁ ॥ ਰਹਾਉ ॥ਸਿਰੀਰਾਗੁ (ਮਃ ੫)ਅੰਗ ੪੯

ਜਿਸੁ ਕਾਰਣਿ ਤਨੁ ਧਾਰਿਆ ਸੋ ਪ੍ਰਭੁ ਡਿਠਾ ਨਾਲਿ ॥

ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ ॥੨॥
ਸਿਰੀਰਾਗੁ (ਮਃ ੫) – ਅੰਗ ੪੯

ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥
ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ ॥੩॥
ਸਿਰੀਰਾਗੁ (ਮਃ ੫)ਅੰਗ ੪੯

ਰਤਨ ਜਵੇਹਰ ਮਾਣਿਕਾ ਅੰਮ੍ਰਿਤੁ ਹਰਿ ਕਾ ਨਾਉ ॥
ਸੂਖ ਸਹਜ ਆਨੰਦ ਰਸ ਜਨ ਨਾਨਕ ਹਰਿ ਗੁਣ ਗਾਉ ॥੪॥੧੭॥੮੭॥
ਸਿਰੀਰਾਗੁ (ਮਃ ੫) – ਅੰਗ ੪੯

**ਅਰਥ**– ਵਡੇ ਭਾਗਾਂ ਵਾਲੇ ਜੀਵ ਮਿਹਨਤ ਕਰਕੇ ਹਰੀ ਦੇ ਜਪਣ ਦਾ ਧਨ ਖਟਦੇ ਹਨ । ਹੇ ਮੇਰੇ ਮਨ ਤੂੰ ਵੀ ਉਦਮ ਕਰਕੇ ਰਾਮ ਨਾਮ ਦਾ ਜਾਪ ਕਰ । ਇਸਦਾ ਤੈਨੂੰ ਕੀ ਫਲ ਮਿਲੇਗਾ ਤੂੰ ਮਨ ਭਾਉਂਦੇ ਫਲ ਖਾ ਸਕੇਗਾ ਤੇਰੀ ਇਛਾ ਅਨੁਸਾਰ ਤੈਨੂੰ ਪਦਾਰਥ ਪ੍ਰਾਪਤ ਹੋਣਗੇ ਨਾਲੇ ਤੇਰੇ ਸਾਰੇ ਦੁਖ ਤੇ ਸ਼ੋਕ ਦੂਰ ਹੋ ਜਾਣਗੇ । ਜਿਸ ਕਾਰਨ ਤੇ ਕੰਮ ਲਈ ਤੂੰ ਸਰੀਰ ਧਾਰਨ ਕੀਤਾ ਹੈ ਉਹ ਤੈਨੂੰ ਇਹ ਜਨਮ ਦੇਣ ਵਾਲਾ ਮਾਲਕ ਸਦਾ ਤੇਰੇ ਨਾਲ ਹੈ ਤੇ ਜਲ ਵਿਚ, ਧਰਤੀ ਤੇ, ਆਕਾਸ਼ ਵਿਚ ਸਭਨੀ ਥਾਈਂ ਰਵ ਰਿਹਾ ਹੈ ਮੈਂ ਉਸ ਪ੍ਰਭੂ ਨੂੰ ਆਪਣੇ ਨਾਲ ਵੇਖਦਾ ਹਾਂ । ਜਿਸ ਜਿਸ ਜੀਵ ਨੇ ਉਸ ਮਾਲਕ ਨਾਲ ਸਚੀ ਪ੍ਰੀਤ ਪਾਈ ਹੈ ਉਸ ਦਾ ਮਨ ਤੇ ਤਨ ਨਿਰਮਲ ਹੋ ਜਾਏਗਾ । ਜਿਸ ਨੇ ਵਾਹਿਗੁਰੂ ਦੇ ਚਰਨਾਂ ਦਾ ਧਿਆਨ ਪਕਾਅ ਲਿਆ ਹੈ ਭਾਵ ਸਦਾ ਵਾਹਿਗੁਰੂ ਦੀ ਹਜ਼ੂਰੀ ਵਿਚ ਵੱਸਦਾ ਹੈ ਉਸ ਨੇ ਸਮਝੋ ਸਾਰੇ ਜੱਪ ਤੱਪ ਕਰ ਲਏ ਹਨ । ਹਰੀ ਪ੍ਰਮੇਸ਼ਰ ਦਾ ਨਾਮ ਹੀਰੇ, ਜਵਾਹਰਾਤ ਤੇ ਲਾਲਾਂ ਤੋਂ ਵੀ ਉਮਲ ਹੈ ਉਸ ਹਰੀ ਨਾਮ ਨਾਲ ਆਨੰਦ ਦੀ ਪ੍ਰਾਪਤੀ, ਸੁਖਾਂ ਦੀ ਪ੍ਰਾਪਤੀ ਤੇ ਸਹਿਜ ਅਵਸਥਾ ਪ੍ਰਾਪਤ ਹੁੰਦੀ ਹੈ । ਆਉ ਸਹਿਜ ਅਵਸਥਾ ਤੇ ਵਿਚਾਰ ਕਰੀਏ ਸਹਿਜ ਅਵਸਥਾ ਕੀ ਹੈ ? ਸਹਿਜ ਅਵੱਸਥਾ ਆਤਮਾਂ ਦੀ ਉਹ ਹਾਲਤ ਹੈ ਜਿਸ ਵਿਚ ਅਸਲੀ ਗਿਆਨ ਪ੍ਰਾਪਤ ਹੋ ਜਾਂਦਾ ਹੈ । ਆਤਮਾਂ ਸ਼ਾਂਤ ਤੇ ਅਡੋਲ ਹੋ ਕੇ ਆਪਣੇ ਅਸਲ ਸਰੂਪ ਵਿਚ ਟਿਕ ਜਾਂਦੀ ਹੈ । ਦੂਈ, ਦੁਵੈਖ ਮੂਲੋਂ ਖਤਮ ਹੋ ਜਾਂਦੀ ਹੈ । ਨੇਕੀ ਤੇ ਪਿਆਰ ਸੁਤੇ ਸਿਧ ਅੰਦਰੋਂ ਫੁਟ ਫੁਟ ਨਿਕਲਦਾ ਹੈ ਸਾਰਾ ਸੰਸਾਰ ਆਪਣਾ ਪਿਆ ਲਗਦਾ ਹੈ ਸਭ ਲਈ ਮਨ ਵਿਚ ਪਿਆਰ ਤੇ ਹਮਦਰਦੀ ਹੁੰਦੀ ਹੈ । ਦਿਖਾਵਾ ਮੂਲੋਂ ਰਹਿੰਦਾ ਹੀ ਨਹੀਂ ।

(੨) ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥੧॥
ਗੂਜਰੀ ਕੀ ਵਾਰ:੨ (ਮਃ ੫) – ਅੰਗ ੫੨੨

**ਅਰਥ**– ਪ੍ਰਮੇਸ਼ਰ ਦੇ ਸਿਮਰਨ ਦਾ ਆਹਰ ਕਰਨ ਨਾਲ ਤੈਨੂੰ ਆਤਮ ਜੀਵਨ ਮਿਲਦਾ ਹੈ । ਇਸ ਸਿਮਰਨ ਨਾਲ ਤੂੰ ਸੁਖ ਭੋਗੇਗਾਂ ਤੇ ਪ੍ਰਮੇਸ਼ਰ ਨੂੰ ਧਿਆਉਣ ਨਾਲ ਤੈਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਹੋ ਜਾਏਗੀ ਤੇ ਤੇਰੀਆਂ ਸਾਰੀਆਂ ਚਿੰਤਾਵਾਂ ਤੇ ਫਿਕਰ ਦੂਰ ਹੋ ਜਾਣਗੇ । ਇਸ ਵਿਚ ਸਾਨੂੰ ਸਿਮਰਨ ਕਰਨ ਲਈ ਉਦਮ ਤੇ ਜ਼ੋਰ ਦਿਤਾ ਗਿਆ ਹੈ ।

(੩) ਉਦਮੁ ਕਰਤ ਸੀਤਲ ਮਨ ਭਏ ॥ ਮਾਰਗਿ ਚਲਤ ਸਗਲ ਦੁਖ ਗਏ ॥
ਨਾਮੁ ਜਪਤ ਮਨਿ ਭਏ ਅਨੰਦ ॥ ਰਸਿ ਗਾਏ ਗੁਨ ਪਰਮਾਨੰਦ ॥੧॥

ਗਉੜੀ (ਮਃ ੫) – ਅੰਗ ੨੦੧

**ਅਰਥ**– ਜੋ ਜੀਵ ਉਦਮ ਕਰਕੇ ਸਾਧ ਸੰਗਤ ਵਿਚ ਪਹੁੰਚੇ ਉਹਨਾਂ ਦੇ ਮਨ ਸੀਤਲ ਹੋ ਗਏ । ਮਨ ਦਾ ਸੀਤਲ ਹੋ ਜਾਣਾ ਵੀ ਇਕ ਬਹੁਤ ਵਡੀ ਪ੍ਰਾਪਤੀ ਹੈ । ਵਾਹਿਗੁਰੂ ਦੇ ਮਾਰਗ ਤੇ ਚਲਨ ਨਾਲ ਉਸ ਰਸਤੇ ਤੁਰਨ ਨਾਲ ਸਾਰੇ ਦੁਖ ਕਲੇਸ਼ ਦੂਰ ਹੋ ਗਏ । ਨਾਮ ਜਪਣ ਨਾਲ ਮਨ ਵਿਚ ਅਨੰਦ ਦੀ ਪ੍ਰਾਪਤੀ ਹੋ ਗਈ । ਤੇ ਹੁਣ ਸੁਆਦ ਨਾਲ ਉਸ ਹਰੀ ਪ੍ਰਮੇਸ਼ਰ ਦੇ ਗੁਣ ਗਾਇਣ ਕਰਨ ਲਗ ਪਿਆ ਹਾਂ ।

(੪) **ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥**
**ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ ॥੧॥**
**ਆਸਾ (ਮਃ ੫) – ਅੰਗ ੪੫੬**

**ਅਰਥ**– ਇਸ ਵਿਚ ਵੀ ਮਹਾਰਾਜ ਨੇ ਉਦਮ ਕਰਨ ਦੀ ਪ੍ਰੇਰਨਾ ਦਿਤੀ ਹੈ ਕੇ ਹੇ ਵਡੇ ਭਾਗਾਂ ਵਾਲਿਓ ਹਰੀ ਪ੍ਰਮੇਸ਼ਰ ਨੂੰ ਉਦਮ ਕਰਕੇ ਸਿਮਰਹੁ । ਇਸ ਦੇ ਫਲ ਸਰੂਪ ਤੁਹਾਡੇ ਸਾਰੇ ਦੁਖ ਦਰਦ, ਕਲੇਸ਼, ਭਰਮ ਮੁਕ ਜਾਣਗੇ ਤੇ ਸੁਖਾਂ ਦੀ ਪ੍ਰਾਪਤੀ ਹੋਵੇਗੀ ।

(੫) **ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ ॥**
**ਹਰਿ ਹਰਿ ਨਾਮੁ ਚਰਾਵਹੁ ਰੰਗਨਿ ਆਪੇ ਹੀ ਪ੍ਰਭ ਰੰਗਿ ॥੧॥** **ਆਸਾ (ਮਃ੫) ਅੰਗ ੪੦੫**

**ਮਨ ਮਹਿ ਰਾਮ ਨਾਮਾ ਜਾਪਿ ॥**
**ਕਰਿ ਕਿਰਪਾ ਵਸਹੁ ਮੇਰੈ ਹਿਰਦੈ ਹੋਇ ਸਹਾਈ ਆਪਿ ॥੧॥ ਰਹਾਉ ॥**
**ਆਸਾ (ਮਃ ੫) – ਅੰਗ ੪੦੫**

**ਅਰਥ**– ਹੇ ਮੇਰੇ ਮਾਲਕ ਜੀ ਸਾਧ ਸੰਗਤ ਦੇ ਦਰਸ਼ਨ ਨਾਲ ਮੈਂ ਉਦਮ ਕਰਾਂ ਜੇ ਆਪ ਕਰਾਉ ਜੇ ਆਪ ਸਹਾਈ ਹੋਵੋ ਤਾਂ ਹਰੀ ਪ੍ਰਮੇਸ਼ਰ ਦੇ ਨਾਮ ਦਾ ਰੰਗ ਮੈਨੂੰ ਚੜੇ ਜੇ ਤੁਸੀਂ ਆਪ ਚੜਾਉ । ਆਪ ਸਹਾਈ ਹੋਵੋ ਮੇਰੇ ਹਿਰਦੇ ਵਿਚ ਵਸੋ ਤੇ ਮੇਰੇ ਮਨ ਵਿਚ ਨਾਮ ਦਾ ਨਿਵਾਸ ਹੋਵੇ ਤੇ ਮੈਂ ਆਪ ਦੇ ਨਾਮ ਦਾ ਜਾਪ ਕਰਾਂ ।

(੬) **ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥**
**ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥੫॥ਆਸਾ (ਮਃ ੩) ਅੰਗ ੪੪੧**

**ਅਰਥ**– ਏਥੇ ਵੀ ਉਪਦੇਸ਼ ਮਨ ਨੂੰ ਆਪਣੇ ਅਸਲੇ ਦੀ ਪਛਾਣ ਦਾ ਹੈ ਏਥੇ ਵੀ ਸਾਨੂੰ ਉਦਮ ਦਿਤਾ ਗਿਆ ਹੈ ਤੇ ਸਤਿਗੁਰਾਂ ਦਸਿਆ ਹੈ ਕੇ ਪ੍ਰਮੇਸ਼ਰ ਤੇਰੇ ਨਾਲ ਹੈ ਗੁਰੂ ਕੀ ਮੱਤ ਲੈ ਕੇ ਪ੍ਰਮੇਸ਼ਰ ਨਾਲ ਜੁੜਕੇ ਰੰਗ ਮਾਣ ।

(੭) **ਪ੍ਰਾਣੀ ਏਕੋ ਨਾਮੁ ਧਿਆਵਹੁ ॥ ਅਪਣੀ ਪਤਿ ਸੇਤੀ ਘਰਿ ਜਾਵਹੁ ॥(ਪੰਨਾ ੧੨੫੪)**

**ਅਰਥ**– ਏਥੇ ਵੀ ਮਨੁਖ ਨੂੰ ਨਾਮ ਧਿਆਉਣ ਦਾ ਉਦਮ ਦਿਤਾ ਗਿਆ ਹੈ, ਨਾਮ ਧਿਆਉਣ ਨਾਲ ਆਪ ਨਿਜ ਘਰਿ ਭਾਵ ਪ੍ਰਮੇਸ਼ਰ ਦੀ ਦਰਗਾਹ ਪਤਿ ਇਜ਼ਤ ਨਾਲ ਪਹੁੰਚੋਗੇ । ਸਾਨੂੰ ਤਾਕੀਦ ਕੀਤੀ ਜਾ ਰਹੀ ਹੈ ਕੇ ਜੇ ਇਜ਼ਤ ਮਾਣ ਨਾਲ ਸੁਰਖ਼ਰੂ ਹੋ ਕੇ ਜਾਣਾ ਚਾਹੁੰਦੇ ਹੋ ਤਾਂ ਪ੍ਰਮੇਸ਼ਰ ਦਾ ਨਾਮ ਧਿਆਉਣਾ ਕਰੋ । ਨਾਮ ਧਿਆਉਣ ਬਿਨਾ ਪਤ ਨਹੀਂ ਰਹੇਗੀ ਤੇ ਸ਼ਰਮਿੰਦਾ ਹੋਵੇਂਗਾ । ਨਾਮ ਸਿਮਰਨ ਬਿਨਾ ਮਨ ਦੀ ਮੈਲ ਨਹੀਂ ਧੁਪੇਗੀ ਤੇ ਫਿਰ ਹੋਰ ਜੂਨਾਂ ਦੇ ਚਕਰ ਵਿਚ ਜਾ ਪਵੇਂਗਾ ।

(੮) **ਪ੍ਰਾਣੀ ਹਰਿ ਜਪਿ ਜਨਮੁ ਗਇਓ ॥**

**ਸਾਚ ਸਬਦ ਬਿਨੁ ਕਬਹੁ ਨ ਛੂਟਸਿ ਬਿਰਥਾ ਜਨਮੁ ਭਇਓ ॥੧॥ ਰਹਾਉ ॥ਅੰਗ ੧੧੨੬**

**ਅਰਥ**– ਸਤਿਗੁਰੂ ਜੀ ਨੇ ਇਸ ਵਿਚ ਵੀ ਜੀਵ ਨੂੰ ਸਾਵਧਾਨ ਕੀਤਾ ਹੈ ਕਿ ਹੇ ਪ੍ਰਾਣੀ ਹਰੀ ਪ੍ਰਮੇਸ਼ਰ ਦਾ ਜਾਪ ਕਰ ਤੇਰਾ ਜਨਮ ਜਾ ਰਿਹਾ ਹੈ । ਸਚੇ ਸ਼ਬਦ ਦੇ ਅਭਿਆਸ ਬਿਨ ਤੇਰਾ ਛੁਟਕਾਰਾ ਨਹੀ ਹੋਣਾ ਤੇ ਜਨਮ ਜੋ ਤੈਨੂੰ ਵਡਮੁਲਾ ਪ੍ਰਾਪਤ ਹੋਇਆ ਹੈ ਇਹ ਛਿਨ ਛਿਨ ਕਰ ਕੇ ਮੁਕਦਾ ਜਾ ਰਿਹਾ ਹੈ ।

ਇਸ ਵਿਚ ਵੀ ਜੀਵ ਨੂੰ ਸਿਮਰਨ ਭਜਨ ਦੀ ਤਾਕੀਦ ਤੇ ਸਿਮਰਨ ਭਜਨ ਦਾ ਉਦਮ ਸਤਿਗੁਰੂ ਦੇ ਰਹੇ ਹਨ । ਸੰਸਾਰ ਤੇ ਆਉਣ ਸਮੇਂ ਸੁਆਸਾਂ ਦੀ ਇਕ ਗਿਣੀ ਮਿਥੀ ਪੂੰਜੀ ਲੈ ਕੇ ਅਸੀਂ ਆਏ ਹਾਂ ਉਹ ਰੋਜ਼ਾਨਾ ਪਲ ਪਲ ਕਰ ਕੇ ਅਸੀਂ ਖਰਚ ਕੀਤੀ ਜਾ ਰਹੇ ਹਾਂ । ਗੁਰਬਾਣੀ ਦਾ ਪ੍ਰਮਾਣ ਸਰਵਨ ਕਰੋ :

**ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥**
**ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥੧॥** ਅੰਗ ੬੯੨

ਇਸ ਵਿਚ ਵੀ ਸਤਿਗੁਰੂ ਅਮੋਲਕ ਮਨੁਖਾ ਜਨਮ ਨੂੰ ਸੰਭਾਲਣ ਦਾ ਉਦਮ ਦੇ ਰਹੇ ਹਨ ।

(੯) **ਪ੍ਰਾਣੀ ਰਾਮ ਭਗਤਿ ਸੁਖੁ ਪਾਈਐ ॥**
**ਗੁਰਮੁਖਿ ਹਰਿ ਹਰਿ ਮੀਠਾ ਲਾਗੈ ਹਰਿ ਹਰਿ ਨਾਮਿ ਸਮਾਈਐ ॥੧॥ ਰਹਾਉ ॥**
**ਅੰਗ ੯੦੩**

**ਅਰਥ**–ਇਸ ਵਿਚ ਸੁਖਾਂ ਦੀ ਪ੍ਰਾਪਤੀ ਲਈ ਰਾਮ ਜੋ ਸਭਨੀ ਥਾਈਂ ਰਮਿਆ ਹੋਇਆ ਹੈ । ਭਾਵ ਅਕਾਲ ਪੁਰਖ ਵਾਹਿਗੁਰੂ ਦੀ ਭਗਤੀ ਕਰਨ ਦਾ ਉਪਦੇਸ਼ ਹੈ । ਨਾਲ ਇਹ ਵੀ ਸੋਝੀ ਦਿਤੀ ਹੈ ਕਿ ਜਿਨ੍ਹਾਂ ਜਿਨ੍ਹਾਂ ਨੂੰ ਇਹ ਹਰੀ ਪ੍ਰਮੇਸ਼ਰ ਦਾ ਨਾਮ ਮਿਠਾ ਲਗਾ ਉਹੋ ਹਰੀ ਵਿਚ ਹੀ ਸਮਾ ਗਏ ਭਾਵ ਹਰੀ ਰੂਪ ਹੀ ਹੋ ਗਏ ।

(੧੦) **ਜਿਉ ਪਾਖਾਣੁ ਨਾਵ ਚੜਿ ਤਰੈ ॥**
**ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥ ਗਉੜੀ ਸੁਖਮਨੀ (ਮਃ ੫) – ਅੰਗ ੨੮**

**ਅਰਥ**– ਜਿਸ ਤਰ੍ਹਾਂ ਪੱਥਰ ਬੇੜੀ ਤੇ ਸਾਗਰ ਤੋਂ ਪਾਰ ਹੋ ਜਾਂਦਾ ਹੈ ਇਹ ਜੀਵ ਵੀ ਸਤਿਗੁਰੂ ਦੀ ਚਰਣ ਸਰਣ ਰਹੇ । ਸਤਿਗੁਰੂ ਦੇ ਹੁਕਮ ਕਮਾ ਕੇ ਭਵ ਸਾਗਰ ਤੋਂ ਪਾਰ ਹੋ ਸਕਦਾ ਹੈ । ਇਸ ਦਾ ਵੀ ਨਿਸਤਾਰਾ ਹੋ ਸਕਦਾ ਹੈ । ਇਸ ਵਿਚ ਵੀ ਸਤਿਗੁਰੂ ਦੇ ਦਸੇ ਮਾਰਗ ਤੇ ਤੁਰਨ ਦਾ ਉਦਮ ਤੇ ਤਾਕੀਦ ਹੈ।

(੧੧) ਗੁਰ ਪਰਸਾਦੀ ਅੰਮ੍ਰਿਤੁ ਨਹੀ ਪੀਆ ਤ੍ਰਿਸਨਾ ਭੂਖ ਨ ਜਾਈ ॥
ਮਨਮੁਖ ਮੂੜ੍ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ ॥
ਆਵਤ ਜਾਤ ਬਿਰਥਾ ਜਨਮੁ ਗਵਾਇਆ ਦੁਖਿ ਲਾਗੈ ਪਛੁਤਾਈ ॥
ਜਿਸ ਤੇ ਉਪਜੇ ਤਿਸਹਿ ਨ ਚੇਤਹਿ
ਧ੍ਰਿਗੁ ਜੀਵਣੁ ਧ੍ਰਿਗੁ ਖਾਈ ॥੧॥ – ਮਲਾਰ (ਮਃ ੪) – ਅੰਗ ੧੨੬੫

**ਪ੍ਰਾਣੀ ਗੁਰਮੁਖਿ ਨਾਮੁ ਧਿਆਈ ॥**
**ਹਰਿ ਹਰਿ ਕ੍ਰਿਪਾ ਕਰੇ ਗੁਰੁ ਮੇਲੇ ਹਰਿ ਹਰਿ ਨਾਮਿ ਸਮਾਈ ॥੧॥ ਰਹਾਉ ॥**ਅੰਗ ੧੨੬੫

**ਅਰਥ**– ਜਿਤਨੇ ਤਕ ਸਤਿਗੁਰੂ ਦੀ ਕਿਰਪਾ ਪ੍ਰਾਪਤ ਨਹੀਂ ਕੀਤੀ ਨਾਮ ਅੰਮ੍ਰਿਤ ਨਹੀਂ ਪੀਤਾ । ਇਹ ਤ੍ਰਿਸ਼ਨਾ ਤੇ ਭੁਖ ਦੂਰ ਨਹੀਂ ਹੁੰਦੀ । ਗੁਰੂ ਕੀ ਮੱਤ ਛਡ ਕੇ ਮਨ ਦੀ ਮੱਤ ਮਗਰ ਟੁਰਨ ਵਾਲੇ ਮੂਰਖ ਅੰਹਕਾਰ, ਹਉਮੈ ਵਿਚ ਚਲਦੇ ਦੁਖ ਪਾਉਂਦੇ ਹਨ । ਉਹਨਾਂ ਦਾ ਆਵਣ ਜਾਣ ਭਾਵ ਚਉਰਾਸੀ ਲਖ ਜੂਨਾਂ ਦਾ ਚੱਕਰ ਨਹੀਂ ਮੁਕਦਾ ਜਨਮ ਜੋ ਪ੍ਰਾਪਤ ਹੋਇਆ ਸੀ ਉਹ ਵੀ ਗੁਆ ਲੈਂਦੇ ਹਨ ਤੇ ਦੁਖ ਸਹੇੜ ਕੇ ਪਛਤਾਉਂਦੇ ਹਨ । ਜਿਸ ਮਾਲਕ ਨੇ ਇਹ ਅਵੱਸਰ ਦਿਤਾ ਸੀ, ਮਨੁਖਾ ਜਨਮ ਦਿਤਾ ਸੀ ਉਸ ਨੂੰ ਚੇਤੇ ਨਹੀਂ ਰਖਿਆ, ਚੇਤੇ ਨਹੀਂ ਕਰਦਾ ਧ੍ਰਿਗ ਤੇ ਧ੍ਰਿਕਾਰ ਹੈ ਉਸ ਦਾ ਜੀਵਨ ਤੇ ਧ੍ਰਿਕਾਰ ਹੈ ਉਸ ਦਾ ਖਾਣਾ ਪੀਣਾ । ਮਹਾਰਾਜ ਉਪਦੇਸ਼ ਕਰ ਰਹੇ ਹਨ ਕਿ ਹੇ ਪ੍ਰਾਣੀ ਗੁਰੂ ਕੀ ਮੱਤ ਦੁਆਰਾ ਨਾਮ ਦਾ ਧਿਆਉਣਾ ਕਰ । ਹਰੀ ਪ੍ਰਮੇਸ਼ਰ ਦੀ ਕਿਰਪਾ, ਬਖਸ਼ਿਸ਼ ਨਾਲ ਸਤਿਗੁਰੂ ਦਾ ਮਿਲਾਪ ਹੁੰਦਾ ਹੈ ਤੇ ਹਰੀ ਪ੍ਰਮੇਸ਼ਰ ਦੇ ਨਾਮ ਸਿਮਰਨ ਨਾਲ ਤੇਰੀ ਹਰੀ ਪ੍ਰਮੇਸ਼ਰ ਵਿਚ ਸਮਾਈ ਹੋਵੇਗੀ ਭਾਵ ਹਰੀ ਪ੍ਰਮੇਸ਼ਰ ਦੇ ਦਰ ਤੂੰ ਕਬੂਲ ਹੋਵੇਂਗਾ । ਇਸ ਵਿਚ ਵੀ ਮਨੁਖਾਂ ਨੂੰ ਸਤਿਗੁਰੂ ਭਜਨ ਬੰਦਗੀ ਕਰਨ ਲਈ ਪ੍ਰੇਰ ਰਹੇ ਹਨ ਤੇ ਉਤਸ਼ਾਹ ਦੇ ਰਹੇ ਹਨ ਕਿ ਅਮੋਲਕ ਸਮਾਂ ਸਫਲ ਕਰੋ, ਗਾਫਲ ਨਾ ਹੋਵੋ ।

ਧੰਨਵਾਦਿ ਸਹਿਤ:- ਜੀਵਨ ਜਾਚ ਵਿੱਚੋਂ

ਗਿਆਨੀ ਕ੍ਰਿਸ਼ਨ
'ਸੰਤਨ ਕੀ ਕੁਟੀਆ' ਸ੍ਰੀ ਅੰਮ੍ਰਿਤਸਰ

## ਸਿੱਪੀ – ਮੋਤੀ

ਸਿੱਪੀ ਵਿਚ ਸਮੁੰਦਰ ਤਰਦੀ, ਖ਼ਾਲੀ ਹੀ ਇਹ ਤਰਦੀ ।
ਚਾਰ ਚੁਫੇਰੇ ਹੁੰਦਿਆਂ ਪਾਣੀ, ਬਿਨ ਮੋਤੀ ਹੀ ਮਰਦੀ ।
ਅੰਬਰ ਤੋਂ ਇਕ ਬੂੰਦ ਜੋ ਆਈ, ਸਿੱਪੀ ਰਿਦੇ ਸਮਾਵੇ ।
ਬਣ ਮੋਤੀ ਮੂੰਹ ਬੰਦ ਜੋ ਹੋਇਆ, ਜੀਵਨ ਸਫਲਾ ਕਰਦੀ ।

**ਅਰਥ**:- ਸਿੱਪੀ ਹਰ ਵੇਲੇ ਸਾਗਰ ਵਿਚ ਰਹਿੰਦੀ ਹੈ, ਪਰ ਬਗ਼ੈਰ ਮੋਤੀ ਤੋਂ ਖ਼ਾਲੀ ਹੀ ਤੈਰਦੀ ਰਹਿੰਦੀ ਹੈ । ਸਿੱਪੀ ਸਾਗਰ ਦੀਆਂ ਲਹਿਰਾਂ ਵਿਚ ਭਾਵੇਂ ਹਰ ਵੇਲੇ ਘਿਰੀ ਰਹਿੰਦੀ ਹੈ, ਪਰ ਸਾਗਰ ਦਾ ਇਕ ਬੂੰਦ ਪਾਣੀ ਵੀ ਸਿੱਪੀ ਅੰਦਰ ਮੋਤੀ ਪੈਦਾ ਨਹੀਂ ਕਰ ਸਕਦਾ । ਇਸ ਦੇ ਉਲਟ ਆਸਮਾਨ ਤੋਂ ਡਿੱਗੀ ਬਾਰਿਸ਼ ਦੀ ਬੂੰਦ ਅਗਰ ਸਿੱਪੀ ਦੇ ਮੂੰਹ ਵਿਚ ਡਿੱਗ ਪਵੇ ਤਾਂ ਸਿੱਪੀ ਦਾ ਮੂੰਹ ਉਸੇ ਵੇਲੇ ਬੰਦ ਹੋ ਜਾਂਦਾ ਹੈ ਅਤੇ ਅੰਦਰ ਮੋਤੀ ਬਣਨਾ ਸ਼ੁਰੂ ਹੋ ਜਾਂਦਾ ਹੈ । ਮੋਤੀ ਵਾਲੀ ਸਿੱਪੀ ਫਿਰ ਬਹੁਤ ਕੀਮਤੀ ਸਿੱਪੀ ਬਣ ਜਾਂਦੀ ਹੈ ।

**ਭਾਵਾਰਥ** :- ਸਾਡਾ ਜੀਵਨ ਰਾਤ-ਦਿਨ ਦੁਨੀਆਂ ਦੇ ਸਾਗਰ ਵਿਚ ਰਹਿੰਦਾ ਹੈ । ਅਨੇਕ ਤਰ੍ਹਾਂ ਦਾ ਸੰਸਾਰ-ਸਾਗਰ ਸਾਡੇ ਜੀਵਨ ਨੂੰ ਕੀਮਤੀ ਨਹੀਂ ਬਣਾ ਸਕਦਾ । ਨਾਮ ਤੋਂ ਬਿਨਾਂ ਤਾਂ ਤਨ ਖੇਹ-ਮਿੱਟੀ ਹੀ ਹੈ, ਹੋਰ ਕੁਝ ਵੀ ਨਹੀਂ । ਪਰ ਗੁਰ-ਸ਼ਬਦ ਦੀ ਬੂੰਦ, ਧੁਰ ਕੀ ਬਾਣੀ ਦੀ ਬੂੰਦ ਜੇਕਰ ਹਿਰਦੇ ਵਿਚ ਟਿਕ ਜਾਵੇ ਤਾਂ ਜੀਵਨ ਸਫਲ ਹੋ ਜਾਂਦਾ ਹੈ, ਕੀਮਤੀ ਹੋ ਜਾਂਦਾ ਹੈ । ਉਸ ਜੀਵਨ ਦੀ ਕਦਰ ਧਰਮੀ ਜੌਹਰੀਆਂ ਦੀ ਨਜ਼ਰ ਵਿਚ ਅਨਮੋਲ ਹੋ ਜਾਂਦੀ ਹੈ ਅਤੇ ਉਹ ਜੀਵਨ-ਦਾਤੇ ਦੀ ਨਜ਼ਰ ਵਿਚ ਵੀ ਪ੍ਰਵਾਨਿਆ ਜਾਂਦਾ ਹੈ ।

ਐ ਮਨੁੱਖ । ਐਵੇਂ ਖ਼ਾਲੀ ਸਿੱਪੀ ਬਣ ਕੇ ਹੀ ਨਾ ਜੀਅ, ਕਿਸੇ ਨੇ ਬਾਤ ਨਹੀਂ ਪੁੱਛਣੀ । ਮੋਤੀਆਂ ਦੇ ਵਾਪਾਰੀ ਖ਼ਾਲੀ ਸਿੱਪੀਆਂ ਨਹੀਂ ਖ਼ਰੀਦਦੇ, ਮੋਤੀ ਵਾਲੀਆਂ ਸਿੱਪੀਆਂ ਹੀ ਵਿਹਾਝਦੇ ਹਨ । ਸੋ ਇਹ ਯਾਦ ਰੱਖੀਂ ਕਿ ਧਰਮੀ ਬੰਦੇ ਹੀ ਉਸ ਦਾਤੇ ਦੇ ਦਰ ਤੇ ਪ੍ਰਵਾਨ ਹੁੰਦੇ ਹਨ ।

## ਮੰਗਣਾ – ਸੰਸਾਰ ਤੋਂ / ਨਿਰੰਕਾਰ ਤੋਂ

ਮੰਗਣ ਦੇ ਲਈ ਚਲਿਆ ਮੰਗਤਾ, ਜਿਸ ਜਿਸ ਦਰ ਤੇ ਜਾਵੇ ।
ਝੋਲੀ ਵਿਚ ਕੋਈ ਕੁਝ ਪਾਵੇ, ਪਰ ਮਾਣ ਨਾ ਕੋਈ ਪਾਵੇ ।
ਸੱਚੇ ਦਰ ਦਾ ਮੰਗਤਾ ਬਣ ਕੇ ,ਜੇ ਕੋਈ ਆ ਜਾਂਦਾ ।
ਦੀਨ ਦੁਨੀ ਤੇ ਆਦਰ ਦੇ ਕੇ, ਮਾਲਕ ਪਾਸ ਬਿਠਾਵੇ ।

**ਅਰਥ** :- ਦੁਨਿਆਵੀ ਸਤਹ ਤੇ ਜੇ ਕੋਈ ਮੰਗਤਾ ਮੰਗਣ ਲਈ ਜਾਂਦਾ ਹੈ ਤਾਂ ਲੋਕ ਉਸ ਦੀ ਝੋਲੀ ਵਿਚ ਕੁਝ ਨਾ ਕੁਝ ਪਾ ਹੀ ਦਿੰਦੇ ਹਨ । ਰੋਟੀ, ਕੱਪੜਾ, ਪੈਸੇ ਆਦਿਕ ਕੁਝ ਨਾ ਕੁਝ ਦੇ ਹੀ ਦਿੰਦੇ ਹਨ, ਪਰ ਉਸ ਮੰਗਤੇ ਨੂੰ ਮਾਣ ਕੋਈ ਨਹੀਂ ਦਿੰਦਾ । ਉਸ ਨੂੰ ਸਤਿਕਾਰ ਨਹੀਂ ਮਿਲਦਾ, ਫਿਟਕਾਰ ਭਾਵੇਂ ਮਿਲ ਜਾਏ । ਇਸ ਦੇ ਉਲਟ ਧਰਮ ਦੀ ਦੁਨੀਆਂ ਵਿਚ ਜੇ ਕੋਈ ਰੱਬ ਦੇ ਘਰ ਮੰਗਤਾ ਬਣ ਕੇ

ਚਲਾ ਜਾਵੇ, ਤਾਂ ਪ੍ਰਭੂ ਆਪਣੇ ਦਰ ਤੇ ਆਏ ਸਵਾਲੀ ਨੂੰ ਦੁਨੀਆਂ ਦੇ ਸਾਰੇ ਸੁੱਖ ਦੇ ਦਿੰਦਾ ਹੈ ਤੇ ਉਸ ਦੇ ਹਿਰਦੇ ਵਿਚ ਨਾਮ ਵੀ ਟਿਕਾ ਦਿੰਦਾ ਹੈ।

**ਭਾਵਾਰਥ** :– ਹੇ ਮਨੁੱਖ ! ਤੂੰ ਦੁਨੀਆਂ ਦੇ ਦਰ ਦਾ ਮੰਗਤਾ ਨਹੀਂ ਬਣਨਾ, ਪ੍ਰਭੂ ਦੇ ਦਰ ਦਾ ਮੰਗਤਾ ਬਣਨਾ ਹੈ। ਦੁਨੀਆਂ ਦੇ ਦਰ ਦੇ ਮੰਗਤੇ ਨੂੰ ਵੱਧ ਤੋਂ ਵੱਧ ਦੁਨੀਆਂ ਹੀ ਮਿਲ ਸਕਦੀ ਹੈ, ਪਰ ਪ੍ਰਭੂ ਦੇ ਦਰ ਤੋਂ ਦੀਨ ਤੇ ਦੁਨੀ ਦੋਵੇਂ ਮਿਲ ਜਾਂਦੇ ਹਨ। ਲੋਕ ਤੇ ਪਰਲੋਕ ਦੋਵੇਂ ਸੰਵਰ ਜਾਂਦੇ ਹਨ।

ਕਿਸੇ ਬੰਦੇ ਤੋਂ ਕੋਈ ਆਸ ਨਾ ਰੱਖ, ਸਿਵਾਏ ਉਸ ਮਾਲਕ ਪ੍ਰਭੂ ਦੇ, ਉਸ ਦੇ ਦਰ ਤੋਂ ਸੋਭਾ ਵੀ ਮਿਲਦੀ ਹੈ, ਸੰਸਾਰਕ ਸੁੱਖ ਵੀ ਮਿਲਦੇ ਹਨ ਅਤੇ ਨਾਮ ਦੀ ਦਾਤ ਨਾਲ ਬੰਦਾ ਸਰਸ਼ਾਰ ਹੋ ਜਾਂਦਾ ਹੈ। ਦੁਨੀਆਂ ਦੇ ਭਿਖਾਰੀ ਨੂੰ ਲੋਕ ਲਾਹਨਤਾਂ ਪਾਉਂਦੇ ਹਨ, ਪਰ ਪ੍ਰਭੂ ਦੇ ਦਰ ਦੇ ਭਿਖਾਰੀ ਨੂੰ ਪ੍ਰਭੂ ਖ਼ੁਦ ਆਦਰ–ਮਾਣ ਦਿਵਾਉਂਦਾ ਹੈ। ਸਤਿਗੁਰ ਫ਼ੁਰਮਾਉਂਦੇ ਹਨ :

ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ ॥

(ਰਾਮਕਲੀ ਮਹਲਾ ੧, ਪੰਨਾ 878)

## ਝੂਠਾ ਮਾਣ

ਵਾਹ ਅੰਗਾਰੇ ਚਮਕਾਂ ਮਾਰੇ, ਆਕੜ ਦੇ ਵਿਚ ਭਰਿਆ।
ਘੜੀ ਪਲ ਦਾ ਮਹਿਮਾਨ ਹੈ ਪਿਆਰੇ, ਇਹ ਨਾ ਭੁੱਲ ਤੂੰ ਅੜਿਆ।
ਲੱਕੜੀ ਤੋਂ ਅੰਗਾਰ ਜੁ ਬਣ ਕੇ, ਆਪਾ ਪਿਆ ਜਤਾਵੇਂ।
ਹੁਣੇ ਹੁਣੇ ਤੂੰ ਰਾਖ ਹੋ ਜਾਸੈਂ, ਮਾਣ ਤੂੰ ਕਾਹਦਾ ਕਰਿਆ।

**ਅਰਥ**: ਲੱਕੜ ਤੋਂ ਬਣਿਆ ਹੋਇਆ ਕੋਲਾ ਭਖਦਾ ਪਿਆ ਸੀ, ਜਿਸ ਨੂੰ ਕਿ ਅੰਗਾਰ ਕਿਹਾ ਜਾਂਦਾ ਹੈ। ਉਸ ਅੰਗਾਰ ਨੂੰ ਕਿਸੇ ਕਿਹਾ ਕਿ ਤੂੰ ਬੜੀ ਚਮਕ ਵਿਖਾ ਰਿਹਾ ਹੈ ਤੇ ਬੜੀ ਆਕੜ ਵਿਚ ਹੈ। ਜ਼ਰਾ ਹੋਸ਼ ਕਰ, ਤੂੰ ਬਹੁਤ ਥੋੜ੍ਹੀ ਦੇਰ ਦਾ ਮਹਿਮਾਨ ਹੈ। ਲੱਕੜੀ ਤੋਂ ਅੰਗਾਰ ਬਣ ਕੇ ਆਪਣੀ 'ਮੈਂ' ਕੀ ਵਿਖਾ ਰਿਹਾ ਹੈ, ਵੇਖਦਿਆਂ–ਵੇਖਦਿਆਂ ਹੀ ਤੂੰ ਸੁਆਹ ਹੋ ਜਾਣਾ ਹੈ, ਐਵੇਂ ਥੋਥਾ ਮਾਣ ਨਾ ਕਰ।

**ਭਾਵਾਰਥ**: ਇਹ ਗੱਲ ਅਸਲ ਵਿਚ ਉਹਨਾਂ ਮਨੁੱਖਾਂ ਲਈ ਕਹੀ ਗਈ ਹੈ, ਜੋ ਧਨ–ਦੌਲਤ ਦਾ ਮਾਣ ਕਰਦੇ ਹਨ ਤੇ ਲੋਕਾਂ ਵਿਚ ਆਪਣੀ ਹਉਮੈ ਨੂੰ ਜਤਾਉਂਦੇ ਫਿਰਦੇ ਹਨ। ਰੱਬ ਨੂੰ ਭੁੱਲੇ ਹੋਏ ਹਨ ਤੇ ਮੌਤ ਵੀ ਉਨ੍ਹਾਂ ਨੂੰ ਭੁੱਲੀ ਹੋਈ ਹੈ। ਮਨੁੱਖ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਸ ਸਰੀਰ ਨੇ ਵੇਖਦਿਆਂ ਹੀ ਵੇਖਦਿਆਂ ਇਕ ਦਿਨ ਰਾਖ ਹੋ ਜਾਣਾ ਹੈ, ਫਿਰ ਮਾਣ ਕਿਸ ਗੱਲ ਦਾ। ਗੁਮਾਨ ਕਿਸ ਗੱਲ ਦਾ !! ਐ ਮਨੁੱਖ ! ਨਿਮਰਤਾ ਵਿਚ ਰਹਿਣਾ ਸਿੱਖ, ਮਾਇਆ ਦੀ ਸੋਭਾ ਚਾਰ ਦਿਨਾਂ ਦੀ ਹੈ, ਇਸ ਮਾਇਆ ਦਾ ਅਹੰਕਾਰ ਨਾ ਕਰ। ਬੜੇ ਬੜੇ ਰਾਜੇ–ਮਹਾਰਾਜੇ ਇਸ ਫ਼ਾਨੀ ਦੁਨੀਆਂ ਤੋਂ ਖ਼ਾਲੀ ਹੱਥ ਹੀ ਗਏ ਹਨ। ਸਤਿਗੁਰਾਂ ਦੇ ਬਚਨਾਂ ਨੂੰ ਸਮਝ :

ਏਤੇ ਭਏ ਤੁ ਕਹਾ ਭਏ ਭੂਪਤ ਅੰਤ ਕੌ ਨਾਂਗੇ ਹੀ ਪਾਂਇ ਪਧਾਰੇ ॥

(ਅਕਾਲ ਉਸਤਤ, ਪਾ. ੧੦)

ਤਾਂ ਹੀ ਤੇਰੇ ਅੰਦਰ ਨਿਮਰਤਾ ਵਾਸ ਕਰੇਗੀ ਤੇ ਹਉਮੈ ਤੋਂ ਛੁਟਕਾਰਾ ਮਿਲੇਗਾ।

## ਜੀਵਨ ਭੇਦ

ਪਾਣੀ ਭਾਵੇਂ ਸਾਰਾ ਪਾਣੀ, ਪਰ ਫ਼ਰਕ ਹੈ ਪਾਣੀ ਪਾਣੀ ।
ਛੱਪੜ ਦਾ ਵੀ ਹੁੰਦਾ ਪਾਣੀ, ਚੱਲਦਾ ਨਦੀ ਵੀ ਪਾਣੀ ।
ਨਦੀ ਦਾ ਪਾਣੀ ਸਾਫ਼ ਹੈ ਪਾਣੀ, ਪਰ ਛੱਪੜ ਦਾ ਗੰਦਾ ।
ਨਦੀ ਜੋ ਨ੍ਹਾਵੇ ਹੋਵੇ ਉੱਜਲਾ, ਮੈਲਾ ਕਰਦਾ ਛੱਪੜ ਪਾਣੀ ।

**ਅਰਥ**: ਭਾਵੇਂ ਕਹਿਣ ਨੂੰ ਪਾਣੀ ਦੀ ਸ਼ਬਦਾਵਲੀ ਸਭ ਲਈ ਇਕ ਹੀ ਹੁੰਦੀ ਹੈ, ਪਰ ਫ਼ਰਕ ਬਹੁਤ ਹੁੰਦਾ ਹੈ । ਛੱਪੜ ਦਾ ਵੀ ਪਾਣੀ, ਪਾਣੀ ਹੀ ਕਿਹਾ ਜਾਂਦਾ ਹੈ ਤੇ ਚੱਲ ਰਹੀ ਨਦੀ ਦੇ ਪਾਣੀ ਨੂੰ ਵੀ ਪਾਣੀ ਕਹਿੰਦੇ ਹਾਂ । ਪਰ ਛੱਪੜ ਦਾ ਪਾਣੀ ਗੰਦਾ ਹੈ, ਰੰਗ ਕਾਲਾ ਹੈ, ਕੀੜੇ ਪਏ ਹੋਏ ਹਨ, ਬਦਬੂ ਮਾਰਦਾ ਹੈ । ਜੇ ਕੋਈ ਨਹਾ ਲਵੇ ਤਾਂ ਸਗੋਂ ਹੋਰ ਗੰਦਾ ਹੋ ਜਾਂਦਾ ਹੈ । ਪਰ ਨਦੀ ਦਾ ਪਾਣੀ ਉੱਜਲ ਪਾਣੀ ਹੈ, ਮੈਲ ਧੋਂਦਾ ਹੈ, ਪਿਆਸ ਬੁਝਾਉਂਦਾ ਹੈ ।

**ਭਾਵਾਰਥ** : ਜਿਵੇਂ ਆਖਣ ਨੂੰ ਤਾਂ ਸਾਰੇ ਹੀ ਮਨੁੱਖ ਕਹਿਲਾਉਂਦੇ ਹਨ, ਪਰ ਇਕਨਾਂ ਦੇ ਜੀਵਨ ਛੱਪੜ ਦੇ ਪਾਣੀ ਦੀ ਤਰ੍ਹਾਂ ਭੈੜੇ ਹਨ, ਔਗੁਣੀ ਜੀਵਨ ਹਨ, ਤਿਨ੍ਹਾਂ ਦੀ ਸੰਗਤ ਕਰਨ ਨਾਲ ਜੀਵਨ ਹੋਰ ਗੰਦਾ ਹੋ ਜਾਂਦਾ ਹੈ । ਪਰ ਇਕਨਾਂ ਦੀ ਸੰਗਤ ਜੀਵਨ ਨੂੰ ਉੱਜਲਾ ਕਰਦੀ ਹੈ ਤੇ ਪ੍ਰਭੂ ਨਾਲ ਜੋੜਨ ਦਾ ਵਸੀਲਾ ਬਣ ਜਾਂਦੀ ਹੈ । ਉਹਨਾਂ ਭਲਿਆਂ ਦਾ ਸੰਗ ਹੀ ਕਰਨਾ ਚਾਹੀਦਾ ਹੈ ਤੇ ਐਸੇ ਨਾਮ-ਰਸੀਏ ਮਿਲਦੇ ਰਹਿਣ, ਪ੍ਰਭੂ ਅੱਗੇ ਇਹੀ ਅਰਦਾਸ ਕਰਨੀ ਚਾਹੀਦੀ ਹੈ । ਸੋ, ਐ ਮਨੁੱਖ ! ਗੁਰੂ ਦੀ ਸ਼ਰਨ ਵਿਚ ਆ ਜਾ । ਗੁਰੂ ਦੇ ਉਪਦੇਸ਼ ਨੂੰ ਆਪਣੀ ਰਸਨਾ ਤੋਂ ਜਪ ਅਤੇ ਗੁਰੂ ਵਿਚ ਲੀਨ ਹੋ ਜਾ, ਤੇਰਾ ਛੱਪੜ ਵਰਗਾ ਗੰਦਾ ਸਰੀਰ ਉੱਜਲਾ ਹੋ ਜਾਏਗਾ ।

ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ
ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ ॥
ਬਿਲਾਵਲੁ ਕੀ ਵਾਰ (ਮਃ ੪) - ਅੰਗ 855

ਧੰਨਵਾਦਿ ਸਾਹਿਤ :- ਜੀਵਨ ਪ੍ਰਕਾਸ਼ ਵਿੱਚੋ ।

## ਗਤੀਵਿਧੀਆਂ :-

### ਨਾਨਕਸ਼ਾਹੀ ਜੰਤਰੀ ਅਨੁਸਾਰ ਸਾਵਣ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 14-09-2016 ਤੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਨਾਲ ਸ਼ੁਰੂ ਹੋਇਆ । ਪਾਠ ਦੇ ਭੋਗ 16-09-2016 ਨੂੰ ਸਵੇਰ ਦੇ ਸਮੇਂ ਪਾਏ ਗਏ।

ਮਿਤੀ 16-09-2016 ਦਿਨ ਸੁਕੱਰਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ **'ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥'** ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ। ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ ।ਕਥਾ ਦੀ ਸੇਵਾ ਵਾਇਸ ਪ੍ਰਿੰਸੀਪਲ ਭਾਈ ਹਰਵੀਰ ਸਿੰਘ ਨੇ ਕੀਤੀ ।ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਰਾਗ ਕੇਦਾਰਾ

ਪ੍ਰੋ. ਜਸਵਿੰਦਰ ਸਿੰਘ
98141-85854

ਥਾਟ-ਕਲਿਆਣ ਸੁਰ-ਦੋਵੇਂ ਮਧਿਅਮ ਬਾਕੀ ਸ਼ੁਧ
ਵਰਜਿਤ ਸੁਰ - ਆਰੋਹ ਵਿੱਚ ਰਿਸ਼ਭ ਤੇ ਗੰਧਾਰ ਅਤੇ
ਅਵਰੋਹ ਵਿੱਚ ਗੰਧਾਰ
ਜਾਤੀ-ਔੜਵ-ਸ਼ਾੜਵ ਵਾਦੀ ਸੁਰ - ਮਧਿਅਮ ਸੰਵਾਦੀ-ਸ਼ੜਜ
ਸਮਾਂ-ਰਾਤ ਦਾ ਪਹਿਲਾ ਪਹਿਰ ।
ਆਰੋਹ - ਸ, ਮ, ਮ ਪ, ਧ ਪ, ਨੀ ਧ ਸਂ ।
ਅਵਰੋਹ - ਸਂ ਨੀ ਧ ਪ, ਮੇ ਪ ਧ ਪ ਮ, ਸ ਰੇ ਸ ।
ਪਕੜ - ਸ ਮ, ਮ ਪ, ਮੇ ਪ ਧ ਪ ਮ, ਸ ਰੇ ਸ ।

## ਰਾਗ ਕੇਦਾਰਾ-ਇੱਕ ਤਾਲ ਮੱਧ ਲੈਅ

| ਤਾਲ ਚਿੰਨ੍ਹ | 1 X | 2 | 3 0 | 4 | 5 2 | 6 | 7 0 | 8 | 9 3 | 10 | 11 4 | 12 |
|---|---|---|---|---|---|---|---|---|---|---|---|---|
| | ਸ | ਮ | ਮ | ਪ | - | ਪਪ | ਧ | ਪ | ਮ | ਮ | ਰੇ | ਸ |
| | ਸ | ਰ | ਨੀ | ਆ | ऽ | ਇਓ | ਨਾ | ਥ | ਨਿ | ਧਾ | ऽ | ਨ |
| | ਮ | ਮ | ਰੇ | ਸ | ਮੇ | ਪ | ਧ | ਨੀ | ਧ | ਪ | ਮੇ | ਪ |
| | ਨਾ | ਮ | ਪ੍ਰੀ | ਤ | ਲਾ | ਗੀ | ਮ | ਨ | ਭੀ | ऽ | ਤ | ਰਿ |
| | ਸ | ਮ | ਮ | ਪ | ਪਪ | - | ਧ | ਪ | ਮ | - | ਰੇ | ਸ |
| | ਮਾ | ऽ | ਗ | ਨ | ਕਉ | ऽ | ਹ | ਰਿ | ਦਾ | ऽ | ऽ | ਨ |
| | ਪ | ਪ | ਪ | ਸਂ | - | ਸਂ | ਧ | ਨੀ | ਸਂ | ਰੇਂ | ਨੀ | ਸਂਸਂ |
| | ਸੁ | ਖ | ਦਾ | ਈ | ऽ | ਪੂ | ਰ | ਨ | ਪ | ਰ | ਮੇ | ਸਰਿ |
| | ਧ | ਨੀ | ਸਂ | ਰੇਂ | ਸਂ | -ਨੀ | ਧ | ਨੀ | ਧ | ਪਪ | ਮੇ | ਪ |
| | ਦੇ | ਹ | ਪ੍ਰੀ | ਤ | ਸਾ | ऽਧ | ਸੰ | ऽ | ਗ | ਸੁਆ | ऽ | ਮੀ |
| | ਸ | ਮ | - | ਪ | - | ਪ | ਧ | ਪ | ਮ | ਮ | ਰੇ | ਸ |
| | ਹ | ਰਿ | ऽ | ਗੁ | ऽ | ਨ | ਰ | ਸ | ਨ | ਵ | ਖਾ | ਨ |

ਪੰਨਾ ੧੧੧੯ ॥ ਕੇਦਾਰਾ ਮਹਲਾ ੫ ਘਰੁ ੪ ੴ ਸਤਿਗੁਰ ਪ੍ਰਸਾਦਿ ॥ ਸਰਨੀ ਆਇਓ ਨਾਥ ਨਿਧਾਨ ॥ ਨਾਮ ਪ੍ਰੀਤਿ ਲਾਗੀ ਮਨ ਭੀਤਰਿ ਮਾਗਨ ਕਉ ਹਰਿ ਦਾਨ ॥੧॥ ਰਹਾਉ ॥ ਸੁਖਦਾਈ ਪੂਰਨ ਪਰਮੇਸੁਰ ਕਰਿ ਕਿਰਪਾ ਰਾਖਹੁ ਮਾਨ ॥ ਦੇਹੁ ਪ੍ਰੀਤਿ ਸਾਧੂ ਸੰਗਿ ਸੁਆਮੀ ਹਰਿ ਗੁਨ ਰਸਨ ਬਖਾਨ ॥੧॥ ਗੋਪਾਲ ਦਇਆਲ ਗੋਬਿਦ ਦਮੋਦਰ ਨਿਰਮਲ ਕਥਾ ਗਿਆਨ ॥ ਨਾਨਕ ਕਉ ਹਰਿ ਕੈ ਰੰਗਿ ਰਾਗਹੁ ਚਰਨ ਕਮਲ ਸੰਗਿ ਧਿਆਨ ॥੨॥੧॥੩॥

## ਅਕਤੂਬਰ ਮਹੀਨੇ ਦੇ ਸਮਾਗਮ:-

1. ਨਾਨਕਸ਼ਾਹੀ ਜੰਤਰੀ ਅਨੁਸਾਰ ਕੱਤਕ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 16-10-2016 ਦਿਨ ਐਤਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ 'ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥' ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਸਤੰਬਰ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 119 | 174 | 293 |
| 2 | Eye | 16 | 17 | 33 |
| 3 | Cardiology | 04 | 38 | 42 |
| 4 | Dental | 46 | 126 | 172 |
| 5 | Gynaecology | 18 | 39 | 57 |
| 6 | Homoeopathy | 33 | 242 | 275 |
| 7 | Physiotherapy | 11 | 49 | 60 |
| | Total | 247 | 685 | 932 |
| | Laboratory | 110 | - | 110 |

## ਧੰਨਵਾਦਿ :

## ਸਤੰਬਰ 2016 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:–

1. S. Daljit Singh #474/Phase -3BI/Mohali 2,000/-
2. S. Hardip Singh #99/Phase -3BI /Mohali 1,000/-
3. Sh. Ved Parkash Dhawan #401/Ph3BI 1,000/-
4. S. Deep Singh #2978/Phase-7/Mohali 1,100/-
5. Dr. Jagjeet Singh #25/Phase-7/Mohali 2,500/-
6. S. Ranjit Singh #100/Phase -3BI /Mohali 20,000/-
7. Dr. Jasbir Kaur #100/Phase -3BI /Mohali 20,000/-
8. S. Dhian Singh #3106/Sec. 38D/Chd 1,000/-
9. Col. J. S. Bhatia #1541/ Sec. 34D/Chd 10,000/-
10. Dr. Hardeep Kaur Saluja #53/Sector-70 1,000/-
11. S. Narinder Bir Singh #1444/Sec 34C/Chd 2,000/-
12. Bibi Surjit Kaur #1444/Sec 34C/Chd 2,000/-
13. Col. Ranjit Singh (HUF) #207/Sec 33A/Chd 2,500/-
14. Col. Ranjit Singh #207/Sec 33A/Chd 10,000/-
15. S. Parminder Singh Puri #1170/Sunny Enclave/Kharar 10,000/-
16. Col. H.S Uppal #306/Sec 33A/Chd 40,000/-
17. Bibi Preetinder Kaur/ E-3/Greater Kailash/New Delhi 15,000/-
18. S. D.P Singh #393/Phase 9/Mohali 1,800/-
19. Mata surinder Kaur mundi khara 3000/-
20. Bibi Harsharan Kaur Sethi #1440/ Sec.- 34C/Chd 500/-
21. All Indian Sikh Federation(Regd.) D-9(G.F.) Green Park Main New Delhi 21,000/-
22. Bibi Harbans Kaur #1443/Sec. 34C/Chd 1,000/-
23. Bibi Harpreet Kaur #461/Sec 44A/Chd 1,000/-
24. S. Harsharnpal Singh Bhatia#461/Sec 44A 1,000/-
25. Bibi Gurdeep Kaur #461/Sec 44A/Chd 1,000/-
26. Bibi Narinder Kaur #800/Sec 43A/Chd 1,000/-
27. Bibi. Harleen Kaur Sarna #107G, Shivalik Vihar Naya Goan, Mohali 500/-
28. S. Jassam Singh/Mundi Kharar 100/-
29. S. Harvinder Singh/Mundi Kharar 100/-
30. Satkar Properties / Mundi Kharar 500/-
31. S. Amarjit Singh/Mundi Kharar 100/-
32. S. Gumtaj Singh/Mundi Kharar 100/-
33. S. Ashr Singh/Mundi Kharar 100/-
34. S. Naunihal Singh/Mundi Kharar 500/-
35. Bibi Narinder Kaur/Mohali 100/-
36. S. Mohinder Singh Sudan/Mundi Kharar 1,000/-
37. Bibi Dalbir Kaur/Mundi Kharar 100/-
38. Vijay Kumar # 111/Ram Darbar/Phase-I/Chd. 100/-
39. Bibi Rajleen Kaur #836/Phase II/Mohali 500/-
40. Bibi Manjit Kaur Bindra #1655/Sec.34D/Chd 500/-
41. S. Gian Singh Giani #HM 74/Phase-3BI 5,000/-
42. Dr. Saranjit Singh #2817/Phase-7/Mohali 4,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।